# ਪਾਠ - 1

## ਪਰਿਭਾਸ਼ਾਵਾਂ

## i ਸੰਗੀਤ

ਕਾਦਰ ਦੀ ਕੁਦਰਤ ਵਿੱਚ ਬੇਅੰਤ ਰਚਨਾਵਾਂ ਪਾਈਆਂ ਜਾਂਦੀਆਂ ਹਨ। ਹੋਰਾਂ ਜੀਵਾਂ ਦੀ ਤਰਾਂ ਮਨੁੱਖ ਵੀ ਪ੍ਰਕਿਰਤੀ ਵਿੱਚ ਦਿੱਖਣ ਅਤੇ ਸੁਣਨ ਵਾਲੀਆਂ ਸੁੰਦਰਤਾਵਾਂ ਤੋਂ ਮੋਹਿਆ ਗਿਆ ਹੈ। ਹਜ਼ਾਰਾਂ ਸਾਲਾਂ ਤੋਂ ਮਨੁੱਖ ਫੁੱਲਾਂ, ਪੇੜ ਪੌਦਿਆਂ, ਪੰਛੀਆਂ, ਪਸ਼ੂਆਂ, ਪਹਾੜਾਂ, ਨਦੀਆਂ ਤੇ ਝਰਨਿਆਂ ਤੋਂ ਆਕਰਸ਼ਿਤ ਹੋਇਆ ਹੈ। ਬੱਦਲਾਂ ਦੇ ਮੌਸਮ ਵਿੱਚ ਮੋਰਾਂ ਦੇ ਨਾਚ, ਅੰਬਾਂ ਦੇ ਮੌਸਮਾਂ ਵਿੱਚ ਕੋਇਲ ਦੀ ਕੂ ਕੂ, ਸਵੇਰੇ ਪਹੁ ਫੱਟਣ ਤੇ ਪੰਛੀਆਂ ਦੀਆਂ ਚਹਿਕਾਵਾਂ, ਆਸਮਾਨਾ ਵਿੱਚ ਉੱਡਦੇ ਚਹਿਕਾਂਦੇ ਪੰਛੀਆਂ ਦੀਆਂ ਡਾਰਾਂ, ਪਹਾੜ ਦੀ ਸ਼ਾਂਤੀ ਵਿੱਚ ਨਦੀਆਂ ਅਤੇ ਝਰਨਿਆਂ ਦੀਆਂ ਮਨਮੋਹਕ ਆਵਾਜ਼ਾਂ ਮਨੁੱਖੀ ਮਨ ਨੂੰ ਭਰਪੂਰ ਖੁਸ਼ੀਆਂ ਦਿੰਦੀਆਂ ਆਈਆਂ ਹਨ। ਇਸ ਤਰਾਂ ਮਨੁੱਖ ਦੀ ਰਚਨਾਤਮਕ ਵਿਲੱਖਣਤਾ ਨੇ ਇਨ੍ਹਾਂ ਬੇਅੰਤ ਕੁਦਰਤੀ ਕਲਾਵਾਂ ਤੋਂ ਸਿਖਦਿਆਂ ਭਾਸ਼ਾਵਾਂ ਦੇ ਰੂਪ ਵਿੱਚ ਆਪਣੀਆਂ ਭਾਵਨਾਵਾਂ ਤੇ ਕੁਦਰਤ ਦੀਆਂ ਰਚਨਾਵਾਂ ਪ੍ਰਗਟਾਉਣ ਦੀ ਯੋਗਤਾ ਅਤੇ ਫਿਰ ਇਸ ਨੂੰ ਸੁਰਾਂ ਤੇ ਲੈਆਂ ਵਿੱਚ ਬੋਲਣਾ ਸਿਖਦਿਆਂ ਸੰਗੀਤ ਤੱਕ ਪਹੁੰਚਣ ਦੀ ਸਫਲਤਾ ਪ੍ਰਾਪਤ ਕੀਤੀ।

ਦੁਨੀਆਂ ਦੇ ਹਰ ਕੋਨੇ ਤੋਂ ਸਦੀਆਂ ਤੋਂ ਇਨ੍ਹਾਂ ਕਲਾਵਾਂ ਦਾ ਵੇਰਵਾ ਮਿਲਦਾ ਹੈ। ਖਾਸ ਕਰਕੇ ਆਪਣੇ ਪੁਰਾਤਨ ਗਰੰਥਾਂ ਵਿੱਚ ਵੇਦਾਂ ਪੁਰਾਣਾ ਵਿੱਚ। ਸੰਗੀਤ ਦੀਆਂ ਪ੍ਰਭਿਸ਼ਾਵਾਂ ਇਸ ਤਰਾਂ ਹਨ :

"ਸਮਯਕ ਗੀਯਤੇ ਇਤਿ ਸੰਗੀਤਮ"

"ਸਮਯਕ ਪ੍ਰਕਾਰੇਣ ਯਦਿ ਗੀਯਤੇ ਤਤ੍ਰਸੰਗੀਤਮ"

ਇਸ ਸਮਯਕ ਭਾਵ ਯੋਗ, ਪ੍ਰਕਾਰੇਣ ਭਾਵ ਤਰੀਕਾ ਹੈ। ਇਸ ਮੁਤਾਬਕ ਯੋਗ ਅਤੇ ਠੀਕ ਤਰੀਕੇ ਨਾਲ ਗਾਉਣ ਨੂੰ ਸੰਗੀਤ ਕਿਹਾ ਜਾਂਦਾ ਹੈ।

ਸੰਗੀਤ ਰਚਨਾਹਾਰ ਵਿੱਚ ਇਸਦੀ ਪਰਿਭਾਸ਼ਾ ਇਸ ਤਰਾਂ ਹੈ

"ਗੀਤੰ ਵਾਦਯੰ ਤਥਾ ਨ੍ਰਿਤਯੰ ਤ੍ਰੈਯੰ ਸੰਗੀਤ ਮੁਚਯਤੇ" ਭਾਵ ਗੀਤ ਗਾਉਣ, ਸਾਜ ਵਜਾਉਣ ਅਤੇ ਨਾਚ ਤਿੰਨਾਂ ਦੀ ਯੋਗ ਤੇ ਸੁਮੇਲਤਾ ਸੰਗੀਤ ਹੈ। ਮਹਾਨ ਲੇਖਕ ਭਾਈ ਕਾਨ ਸਿੰਘ ਨਾਭਾ ਜੀ ਦੇ ਮਹਾਕੋਸ਼ ਅਨੁਸਾਰ "ਸੰਗੀਤ : ਸੰ - ਗੀਤ ਨ੍ਰਿਤਯ, ਗਾਯਨ ਅਤੇ ਬਜਾਉਣ, ਇੰਨਾ ਤਿੰਨਾਂ ਦਾ ਸਮੁਦਾਯ ਹੈ।"

ਇਸ ਤਰਾਂ "ਗੀਤ" ਆਵਾਜ਼ ਰਾਹੀਂ ਸ਼ਬਦਾਂ ਦੇ ਪ੍ਰਗਟਾਉਣ ਦੁਆਰਾ ਆਪਣੀਆਂ ਭਾਵਨਾਵਾਂ ਨੂੰ ਦਰਸਾਉਣ ਤੋਂ ਬਣਿਆ ਹੈ। ਇਸ ਨੂੰ ਰੌਚਕ ਬਣਾਉਣ ਲਈ, ਇਸ ਦੇ ਅਨੁਸਾਰ ਸਾਜ਼ਾਂ ਦਾ ਵਿਕਾਸ ਹੋਇਆ।

'ਨੱਚਣ ਖੇਡਣ ਮਨ ਦਾ ਚਾਉ'

ਗਾਉਣ ਅਤੇ ਵਜਾਉਣ ਦੇ ਨਾਲ - ਨਾਲ ਨਾਚ ਦੁਆਰਾ ਸਰੀਰਕ ਹਾਵਾਂ ਭਾਵਾਂ ਰਾਹੀਂ ਗੀਤ ਦੇ ਭਾਵਾਂ ਨੂੰ ਹੋਰ ਰੌਚਕ ਅਤੇ ਸਪਸ਼ਟ ਬਣਾਇਆ ਗਿਆ।

ਇਸ ਤਰਾਂ ਸੰਗੀਤ ਦੀਆਂ ਕਲਾਵਾਂ ਤਿੰਨ ਤਰਾਂ ਦੀਆਂ ਹਨ :

ਗਾਇਨ : ਆਪਣੇ ਭਾਵਾਂ ਨੂੰ, ਸ਼ਬਦਾਂ ਨਾਲ ਆਪਣੀ ਆਵਾਜ਼ ਰਾਹੀਂ ਪ੍ਰਗਟ ਕਰਨ ਦੀ ਕਲਾ ਨੂੰ ਗਾਇਨ ਕਹਿੰਦੇ ਹਨ

ਵਾਦਨ : ਕਿਸੇ ਵੀ ਤਰਾਂ ਦੇ ਸਾਜ਼ ਨੂੰ ਵਜ਼ਾ ਕੇ ਆਪਣੇ ਭਾਵਾਂ ਨੂੰ ਪ੍ਰਗਟ ਕਰਨ ਦੀ ਕਲਾ ਨੂੰ ਵਾਦਨ ਕਿਹਾ ਜਾਂਦਾ ਹੈ। ਇਹ ਸ਼ਬਦਾਂ ਰਾਹੀਂ ਨਹੀਂ ਬਲਕਿ ਸਵਰਾਂ ਦੀ ਲੈਅ ਅਤੇ ਤਾਲ ਰਾਹੀਂ ਕੀਤਾ ਜਾਂਦਾ ਹੈ।

ਨਰਿਤ : ਆਪਣੇ ਸਰੀਰਕ ਮੁਦਰਾਵਾਂ ਨਾਲ ਮਨ ਦੇ ਭਾਵਾਂ ਨੂੰ ਦਰਸਾਨ ਦੀ ਕਲਾਂ ਨੂੰ ਨਰਿਤ ਕਿਹਾ ਜਾਂਦਾ ਹੈ। ਨਰਿਤ ਵੀ ਲੈਅ ਅਤੇ ਤਾਲ ਵਿੱਚ ਹੀ ਹੁੰਦਾ ਹੈ ਜਿਸ ਵਿੱਚ ਸਵਰਾਂ ਦੀ ਮੱਦਦ ਵੀ ਲਈ ਜਾਂਦੀ ਹੈ।

ਸੰਗੀਤ ਦੇ ਦੋ ਭਾਗ ਹਨ

ਭਾਵ ਸੰਗੀਤ : ਦਿਲ ਦੇ ਭਾਵਾਂ ਨੂੰ ਪ੍ਰਗਟ ਕਰ ਰਹੇ ਅਤੇ ਆਮ ਜਨਤਾ ਨੂੰ ਆਸਾਨੀ ਨਾਲ ਸਮਝ ਆ ਸਕਣ ਵਾਲੇ ਸੰਗੀਤ ਨੂੰ ਭਾਵ ਸੰਗੀਤ ਕਹਿੰਦੇ ਹਨ। ਇਹ ਜਰੂਰੀ ਨਹੀਂ ਕਿ ਸੰਗੀਤ ਸ਼ਾਸਤਰ ਦੇ ਸਾਰੇ ਨਿਯਮਾਂ ਦੀ ਪਾਲਣਾ ਕੀਤੀ ਜਾਵੇ। ਲੋਕ ਗੀਤ, ਭਜਨ, ਫਿਲਮੀ ਗੀਤ, ਵਿਆਹ ਸ਼ਾਦੀ ਦੇ ਗੀਤ ਆਦਿ ਭਾਵ ਸੰਗੀਤ ਹਨ।

ਸ਼ਾਸਤਰੀ ਸੰਗੀਤ : ਸ਼ਾਸਤਰੀ ਸੰਗੀਤ, ਸੰਗੀਤ ਸ਼ਾਸਤਰ ਦੇ ਨਿਯਮਾਂ ਅਨੁਸਾਰ ਗਾਇਆ ਤੇ ਵਜਾਇਆ ਜਾਂਦਾ ਹੈ। ਸਵਰ, ਲੈਅ, ਤਾਲ ਅਤੇ ਰਾਗ ਆਦਿ ਵਿੱਚ ਨਿਯਮਾਂ ਦੀ ਪਾਲਣਾ ਕੀਤੀ ਜਾਂਦੀ ਹੈ। ਇਸ ਸੰਗੀਤ ਦੀ ਵਿਆਕਰਣ ਸੰਗੀਤ ਸ਼ਾਸਤਰ ਅਨੁਸਾਰ ਹੁੰਦੀ ਹੈ ਅਤੇ ਇਸ ਵਿਆਕਰਣ ਦੇ ਨਿਯਮਾਂ ਦੀ ਪੂਰੀ ਪਾਲਣਾ ਕੀਤੀ ਜਾਂਦੀ ਹੈ। ਰਾਗਾਂ ਅਨੁਸਾਰ ਗੁਰਬਾਣੀ ਦਾ ਗਾਇਨ ਸ਼ਾਸਤਰੀ ਸੰਗੀਤ ਹੈ।

ਵਿਵਹਾਰਿਕ ਤੌਰ ਤੇ ਸੰਗੀਤ ਦੇ ਭਾਗ ਇਸ ਤਰਾਂ ਹਨ :

1. ਸਿਧਾਂਤਿਕ ਸੰਗੀਤ : ਸਿਧਾਂਤਾ ਅਨੁਸਾਰ ਸੰਗੀਤ ਦੇ ਲਿਖਤ ਰੂਪ ਨੂੰ ਸਿਧਾਂਤਕ ਸੰਗੀਤ ਕਹਿੰਦੇ ਹਨ।
2. ਕਿਆਤਮਿਕ ਸੰਗੀਤ : ਗਾਉਣ, ਵਜਾਉਣ ਅਤੇ ਨਾਚ ਦੁਆਰਾ ਪ੍ਰਦਰਸ਼ਿਤ ਸੰਗੀਤ ਨੂੰ ਕ੍ਰਿਆਤਮਿਕ ਸੰਗੀਤ ਕਹਿੰਦੇ ਹਨ।

## ii ਧੁੰਨੀ

ਮਨੁੱਖ ਦਾ ਮਨ ਕੁਦਰਤੀ ਨਜਾਰੇ, ਝਰਨੇ ਪਸ਼ੂ ਪੰਛੀਆਂ ਦੀ ਆਵਾਜ਼ਾਂ, ਮੋਰ ਦੇ ਨ੍ਰਿਤ ਨੂੰ ਵੇਖ ਕੇ ਹਮੇਸ਼ਾ ਆਕਰਸ਼ਿਤ ਹੋਇਆ ਹੈ। ਇਹਨਾਂ ਅਦਭੁਤ ਨਜਾਰਿਆਂ ਨੂੰ ਮਨੁੱਖ ਨੇ ਚਿਤਰਕਲਾ, ਪੰਛੀਆਂ ਦੀ ਆਵਾਜ਼ ਨੂੰ ਗਾ ਕੇ ਅਤੇ ਮੋਰ ਦੇ ਨ੍ਰਿਤ ਨੂੰ ਵੇਖ ਕੇ ਆਪ ਨ੍ਰਿਤ ਕਰਨ ਲਗ ਪਿਆ।

ਮਨੁੱਖ ਨੇ ਮਧੁਰ ਧੁਨੀਆ ਦੀ ਆਵਾਜ਼ ਨੂੰ ਸੁਣਿਆ ਅਤੇ ਸੁਰੀਲੇ ਸੰਗੀਤ ਦੀ ਸਿਰਜਨਾ ਕੀਤੀ। ਆਪ ਗਾਉਣ ਦੇ ਨਾਲ - 2 ਧੁਨੀਆਂ ਨੂੰ ਵੱਖ - 2 ਵਸਤੂਆਂ ਵਿਚੋਂ ਵੀ ਕਢਣ ਲਗਾ। ਖੁਸ਼ੀ ਨੂੰ ਦਰਸਾਉਣ ਲਈ ਆਪਣੇ ਸਰੀਰਿਕ ਅੰਗਾਂ ਸਹਾਰੇ ਲੈਅ ਤਾਲ ਨਾਲ ਲਹਿਰਾਉਣ ਲਗਾ। ਇਹੀ ਅੱਗੇ ਚਲ ਕੇ ਗਾਇਨ, ਵਾਦਨ ਅਤੇ ਨ੍ਰਿਤ ਵਿੱਚ ਵਿਕਸਿਤ ਹੋ ਗਏ।

ਲੈਅ, ਤਾਲ ਦੀ ਸਹਾਇਤਾ ਨਾਲ ਮਨੁਖੀ ਕੰਠ ਜਾ ਸਾਜ ਦੁਆਰਾਂ ਅਨੇਕ ਧੁਨੀਆਂ ਦੇ ਉਤਪੰਨ ਕਰਨ ਦੀ ਕਲਾ ਨੂੰ ਸੰਗੀਤ ਕਿਹਾ ਗਿਆ। ਸੰਗੀਤ ਦਾ ਆਧਾਰ ਨਾਦ ਹੈ।

ਧੁਨੀਆਂ ਦੋ ਪ੍ਰਕਾਰ ਦੀਆਂ ਹੁੰਦੀਆਂ ਹਨ। ਇਕ ਤਾ ਉਹ ਧੁਨੀਆ ਜੋ ਸੁਣਨ ਵਿੱਚ ਮਧੁਰ ਹੋਵੇ ਉਹ ਸੰਗੀਤ ਲਈ ਉਪਯੋਗੀ ਹੁੰਦੀਆਂ ਹਨ । ਦੂਜੀ ਉਹ ਜੋ ਖਰਵੀਆਂ, ਸ਼ੋਰ ਗੁਲ, ਰੌਲਾ ਹੋਣ ਉਹਨਾਂ ਨੂੰ ਕੋਈ ਵੀ ਸੁਣਨਾ ਪਸੰਦ ਨਹੀਂ ਕਰਦਾ ਉਹ ਸੰਗੀਤ ਲਈ ਅਣਉਪਯੋਗੀ ਹੁੰਦੀਆਂ ਹਨ। ਇਹਨਾਂ ਦਾ ਸੰਗੀਤ ਵਿੱਚ ਕੋਈ ਸਥਾਨ ਨਹੀਂ ਹੁੰਦਾ। ਸੁਰੀਲੀਆਂ ਧੁਨੀਆ ਹੀ ਸੰਗੀਤ ਦਾ ਅਧਾਰ ਹੁੰਦੀਆਂ ਹਨ। ਇਹ ਹੇਠ ਲਿਖੀਆਂ ਹਨ :-

1. ਸੰਗੀਤ ਉਪਯੋਗੀ ਧੁਨੀ
2. ਸੰਗੀਤ ਅਨਉਪਯੋਗ ਧੁਨੀ

ਕਿਸੇ ਵੀ ਆਵਾਜ਼ ਦੀ ਉਤਪੱਤੀ ਦਾ ਕਾਰਣ ਕੰਪਨ ਜਾਂ ਅੰਦੋਲਨ ਹੁੰਦਾ ਹੈ ਟਕਰਾਉ ਤੇ ਕੰਪਨ ਹੁੰਦੀ ਹੈ ਅਤੇ ਆਵਾਜ਼ ਪੈਦਾ ਹੁੰਦੀ ਹੈ। ਤਾਰ ਨੂੰ ਤਾਰ ਨੂੰ ਛੇੜਣ ਨਾਲ ਕੰਪਨ ਹੁੰਦਾ ਹੈ ਕੰਪਨ ਨਾਲ ਆਵਾਜ਼ ਹੁੰਦੀ ਹੈ, ਕੰਪਨ ਬੰਦ ਹੋਣ ਨਾਲ ਆਵਾਜ਼ ਬੰਦ ਹੋ ਜਾਂਦੀ ਹੈ ਇਸ ਨੂੰ Vibration ਵੀ ਕਿਹਾ ਜਾਂਦਾ ਹੈ ਜੇ ਆਵਾਜ਼ ਵਿੱਚ ਕੰਪਨ ਘਟ ਵੱਧ ਹੋਣ ਤਾ ਇਸ ਨੂੰ ਅਨਿਯਮਿਤ ਅੰਦੋਲਨ ਕਿਹਾ ਜਾਂਦਾ ਹੈ।

ਜੋ ਆਵਾਜ਼ ਨਿਯਮਿਤ ਹੁੰਦੀ ਹੈ, ਮਧੁਰ ਹੁੰਦੀ ਹੈ ਉਹ ਸੰਗੀਤ ਲਈ ਉਪਯੋਗੀ ਹੁੰਦੀ ਹੈ ਅਤੇ ਉਹ ਆਵਾਜ਼ ਜੋ ਬੇਸੁਰੀ, ਕਰਕਸ਼ ਹੁੰਦੀ ਹੈ ਉਹ ਸੰਗੀਤ ਲਈ ਮਨ ਉਪਯੋਗੀ ਹੁੰਦੀ ਹੈ। ਉਸ ਦਾ ਸੰਗੀਤ ਵਿਚ ਕੋਈ ਸਥਾਨ ਨਹੀਂ ਹੁੰਦਾ।

ਧੁਨੀ ਦੋ ਪ੍ਰਕਾਰ ਦੀ ਹੁੰਦੀ ਹੈ :-

1. ਅਨਾਹਤ ਧੁੰਨੀ
2. ਆਹਤ ਧੁੰਨੀ

1. <u>ਅਨਾਹਤ ਧੁੰਨੀ</u> ਬਿਨਾ ਕਿਸੇ ਚੋਟ, ਰਗੜ ਤੋਂ ਪੈਦਾ ਹੋਈ ਆਵਾਜ (ਧੁੰਨੀ) ਨੂੰ ਅਨਾਹਤ ਧੁੰਨੀ ਕਿਹਾ ਜਾਂਦਾ ਹੈ। ਮੋਕਸ਼ੇ ਦੀ ਪ੍ਰਾਪਤੀ ਲਈ ਰਿਸ਼ੀ ਮੁਨੀ ਇਸ ਦੀ ਉਪਾਸਨਾ ਕਰਦੇ ਸਨ। ਇਹ ਅਜਕਲ ਪ੍ਰਚਾਰ ਵਿੱਚ ਨਹੀਂ ਹੈ।
2. <u>ਆਹਤ ਧੁੰਨੀ</u> ਆਹਤ ਦਾ ਅਰਥ ਹੈ 'ਟਕਰਾਉਣਾ'। ਸਭ ਪ੍ਰਕਾਰ ਦੇ ਆਪਸੀ ਟਕਰਾਉ ਤੋਂ ਪੈਦਾ ਹੋਈ ਆਵਾਜ਼ ਸੰਗੀਤ ਉਪਯੋਗੀ ਨਹੀਂ ਹੁੰਦੀਆਂ ਕਿਸੇ ਵਸਤੂ ਦੇ ਡਿੱਗਣ ਦੀ ਆਵਾਜ, ਬਰਤਨਾਂ ਦੀ ਆਪਸੀ ਖੜਕਣ ਦੀ ਆਵਾਜ ਅਨਿਯਮਿਤ ਅੰਦੋਲਨ ਪੈਦਾ ਕਰਦੀਆਂ ਹਨ ਇਹ ਬੇਸਰੀਆ ਅਤੇ ਕਰਕਸ਼ ਹੁੰਦੀਆ ਹਨ। ਇਹ ਸੰਗੀਤ ਲਈ ਉਪਯੋਗੀ ਨਹੀਂ ਹੁੰਦੀਆ। ਸੰਗੀਤ ਦਾ ਸੰਬੰਧ ਤਾ ਸੁਰੀਲਿਆਂ ਧੁਨੀਆ ਨਾਲ ਹੈ ਭਾਵ ਨਿਯਮਿਤ ਅੰਦੋਲਨ ਸੰਖਿਆ ਦੁਆਰਾ ਪੈਦਾ ਹੋਈਆ ਧੁਨੀਆ ਹੀ ਸੰਗੀਤ ਲਈ ਸਹਾਈ ਹੁੰਦੀਆਂ ਹਨ ਇਹ ਧੁਨੀਆਂ ਤਿੰਨ ਪ੍ਰਕਾਰ ਨਾਲ ਪੈਦਾ ਹੁੰਦੀਆਂ ਹਨ।

1. ਇਕ ਵਸਤੂ ਦਾ ਦੂਜੀ ਵਸਤੂ ਤੇ ਚੋਟ ਮਾਰਨ ਤੇ ਜਿਵੇਂ - ਤਬਲਾ, ਢੋਲ।

2. ਕਿਸੇ ਵਸਤੂ ਦਾ ਦੂਸਰੀ ਵਸਤੂ ਨਾਲ ਰਗੜਨ ਤੇ ਜਿਵੇਂ - ਸਾਰੰਗੀ, ਵਾਇਲਨ

3. ਕਿਸੇ ਵਸਤੂ ਦਾ ਹਵਾ ਦੇ ਪ੍ਰਵੇਸ਼ ਨਾਲ ਜਿਵੇਂ - ਹਰਮੋਨਿਅਮ, ਬੰਸਰੀ, ਸ਼ਹਿਨਾਈ ਆਦਿ।

## iii ਅਲੰਕਾਰ

ਅਲੰਕਾਰ ਸੰਸਕ੍ਰਿਤ ਭਾਸ਼ਾ ਦਾ ਸ਼ਬਦ ਹੈ ਜਿਸ ਦਾ ਅਰਥ ਹੈ ਸਜਾਉਣਾ। ਜਿਸ ਪ੍ਰਕਾਰ ਇਸਤਰੀ ਆਪਣੇ ਆਪ ਨੂੰ ਜੇਵਰਾਂ (ਗਹਿਣਿਆ) ਅਭੂਸ਼ਨਾ ਨਾਲ ਸਜਾਉਂਦੀ ਹੈ ਉਸੀ ਪ੍ਰਕਾਰ ਅਲੰਕਾਰ ਸੰਗੀਤ ਦੇ ਜੇਵਰ ਜਾ ਆਭੂਸ਼ਨ ਹਨ ਜੋ ਰਾਗ (ਗੀਤ) ਨੂੰ ਸਜਾਉਂਦੇ ਹਨ।

ਅਲੰਕਾਰ ਵਿੱਚ ਸਵਰ ਸਮੂਹ ਨਿਯਮਿਤ ਕ੍ਰਮ ਵਿੱਚ ਹੁੰਦੇ ਹਨ। ਪੰ: ਅਹੋਬਲ ਜੀ ਅਨੁਸਾਰ, ''ਲੜੀਵਾਰ ਸਵਰਾਂ ਦਾ ਸਮੂਹ ਜੋ ਚੰਗੀ ਤਰਾਂ ਗੁੰਦਿਆ ਗਿਆ ਹੋਵੇ 'ਅਲੰਕਾਰ' ਕਹਾਉਂਦਾ ਹੈ।''

ਸੰਗੀਤ ਰਤਨਾਕਰ ਪੰ: ਸਾਰੰਗਦੇਵ ਜੀ ਅਨੁਸਾਰ, ''ਵਰਣਾਂ ਵਿੱਚ ਰਚੀ ਗਈ ਸਵਰਾਂ ਦੀ ਵਿਸ਼ੇਸ਼ ਰਚਨਾ ਨੂੰ ਅਲੰਕਾਰ ਕਹਿੰਦੇ ਹਨ।''

ਪੰ: ਵਿਵੇਕ ਸਾਹਨੀ ਜੀ ਕਹਿੰਦੇ ਹਨ, '' ਸੁਰਾਂ ਦੀ ਅਜਿਹੀ ਸੁੰਦਰ ਅਤੇ ਵਿਸ਼ੇਸ਼ ਲੈਅ ਬੱਧ ਸਵਰ ਰਚਨਾਂ ਜੋ ਉਸੇ ਕ੍ਰਮ ਵਿੱਚ ਅਰੋਹ ਅਤੇ ਅਵਰੋਹ ਵਿਚ ਗਾਈ / ਵਜਾਈ ਜਾਵੇ ਅਲੰਕਾਰ ਕਹਾਉਂਦੀ ਹੈ।''

ਅਲੰਕਾਰ ਦੇ ਦੋ ਭੇਦ ਹੁੰਦੇ ਹਨ :-

1. ਅਰੋਹ

2. ਅਵਰੋਹ

ਅਲੰਕਾਰ ਵਿੱਚ ਜਿਹੜੀ ਵਿਵਸਥਾ ਅਰੋਹ ਵਿੱਚ ਹੁੰਦੀ ਹੈ ਉਹੀ ਅਵਰੋਹ ਵਿੱਚ ਵੀ ਹੁੰਦੀ ਹੈ ਜਿਵੇਂ :-

ਸ ਰੇ ਗ ਮ ਪ ਧ ਨੀ ਸਂ - ਅਰੋਹ

ਸਂ ਨੀ ਧ ਪ ਮ ਗ ਰੇ ਸ - ਅਵਰੋਹ

ਅਲੰਕਾਰ ਦੀ ਰਚਨਾ ਵਿਧੀ :—

ਅਲੰਕਾਰ ਵਿਚ ਸਵਰਾਂ ਨੂੰ ਵਿਸ਼ੇਸ਼ ਨਿਯਮ ਵਿੱਚ ਰੱਖਿਆ ਜਾਂਦਾ ਹੈ ਅਨੇਕਾਂ ਅਲੰਕਾਰਾਂ ਦੀ ਰਚਨਾ ਕੀਤੀ ਜਾਂਦੀ ਹੈ।

1. ਉਹ ਵਿਸ਼ੇਸ਼ ਸਵਰ ਰਚਨਾ ਹੋਵੇ, ਲੈਅਬੱਧ ਹੋਵੇ ਅਤੇ ਅਰੋਹ ਅਵਰੋਹ ਵਿੱਚ ਰਚੀ ਹੋਵੇ।
2. ਅਲੰਕਾਰ ਮੱਧ ਸ ਤੋਂ ਸ਼ੁਰੂ ਕਰਕੇ ਤਾਰ ਸਪਤਕ ਦੇ ਸ ਤੱਕ ਬੋਲਿਆ ਜਾਂਦਾ ਹੈ ਅਤੇ ਵਾਪਿਸ ਤਾਰ ਸਪਤਕ ਦੇ ਸ ਤੋਂ ਮੱਧ ਸ ਤਕ ਆਉਣਾ ਹੁੰਦਾ ਹੈ।
3. ਅਲੰਕਾਰ ਵਿੱਚ ਸ਼ੁਧ ਜਾਂ ਕੋਮਲ ਕੋਈ ਵੀ ਸਵਰ ਪ੍ਰਯੋਗ ਕੀਤਾ ਜਾਂਦਾ ਹੈ।

ਅਲੰਕਾਰ ਦੇ ਲਾਭ :—

1. ਇਸ ਨਾਲ ਸਵਰ ਗਿਆਨ ਅਤੇ ਲੈਅ ਗਿਆਨ ਹੁੰਦਾ ਹੈ।
2. ਗਾਇਨ ਵਿੱਚ ਗਲੇ ਦੀ ਤਿਆਰੀ ਲਈ ਲਾਭਦਾਇਕ ਸਿੱਧ ਹੁੰਦੇ ਹਨ।

3. ਇਸ ਨਾਲ ਕਲਪਨਾ ਸ਼ਕਤੀ ਵਧਦੀ ਹੈ।

4. ਭਿੰਨ - ਭਿੰਨ ਲੈਅਕਾਰੀਆ ਦਾ ਅਭਿਆਸ ਸਰਲ ਹੋ ਜਾਂਦਾ ਹੈ।

5. ਇਸ ਦੀ ਸਹਾਇਤਾ ਨਾਲ ਰਾਗ ਨੂੰ ਸਜਾਉਣ ਵਿੱਚ ਸਹਾਇਤਾ ਮਿਲਦੀ ਹੈ।

6. ਸੁੰਦਰ ਤਾਨਾਂ / ਤੋੜਿਆ ਨਾਲ ਰਾਗ ਵਿੱਚ ਅਦਭੁੱਤ ਪ੍ਰਭਾਵ ਉਤਪੰਨ ਹੁੰਦਾ ਹੈ।

7. ਅਲੰਕਾਰ ਦੇ ਅਭਿਆਸ ਨਾਲ ਸਿਤਾਰ ਤੇ ਉਗਲਾਂ ਦੀ ਤਿਆਰੀ ਚੰਗੀ ਤਰਾਂ ਹੋ ਜਾਂਦੀ ਹੈ।

## iv ਤਾਲ

ਤਾਲ :— ਸੰਗੀਤ ਵਿੱਚ ਇੱਕ ਸਮਾਨ ਗਤੀ ਨੂੰ ਲੈਅ ਕਹਿੰਦੇ ਹਨ। ਘੜੀ ਦੀ ਟਿੱਕ - ਟਿੱਕ, ਮਨੁੱਖੀ ਦਿਲ ਦੀ ਧੜਕਣ, ਇੱਕ ਸਮਾਨ ਗਤੀ ਵਿੱਚ ਤੁਰਨਾ ਸਭ ਲੈਅ ਦੇ ਹੀ ਉਦਾਹਰਨ ਹਨ। ਲੈਅ ਦੇ ਇੱਕ ਕਾਇਮ ਕੀਤੇ ਗਏ ਭਾਗ ਨੂੰ ਤਾਲ ਕਹਿੰਦੇ ਹਨ। ਤਾਲ ਸ਼ਬਦ 'ਤਲ' ਧਾਤੂ ਤੋਂ ਬਣਿਆ ਹੈ, ਜਿਸਦਾ ਅਰਥ ਹੈ ਪ੍ਰਤਿਸ਼ਤਾ ਨੂੰ ਪ੍ਰਾਪਤ ਕਰਨਾ। ਅਮਰਕੋਸ਼ ਵਿੱਚ ਤਾਲ ਬਾਰੇ ਕਿਹਾ ਗਿਆ ਹੈ :-

'ताल काल क्रियामानम्'

ਅਰਥਾਤ ਤਾਲ ਸਮੇਂ ਨੂੰ ਮਾਪਣ ਦਾ ਸਾਧਨ ਹੈ। ਇਸ ਪ੍ਰਕਾਰ ਸੰਗੀਤ ਵਿੱਚ ਗਾਉਣ ਵਜਾਉਣ ਵਿੱਚ ਜੋ ਸਮਾਂ ਲੱਗਦਾ ਹੈ, ਉਸਦੇ ਮਾਪਣ ਦੇ ਸਾਧਨ ਨੂੰ ਹੀ ਤਾਲ ਦਾ ਨਾਮ ਦਿੱਤਾ ਗਿਆ ਹੈ। ਜਿਸ ਪ੍ਰਕਾਰ ਲੰਬਾਈ ਨੂੰ ਮੀਟਰਾਂ ਵਿੱਚ, ਸਮੇਂ ਨੂੰ ਘੰਟੇ, ਮਿੰਟਾਂ, ਸੈਕਿੰਡਾਂ ਵਿੱਚ ਅਤੇ ਭਾਰ ਨੂੰ ਕਿ. ਗ੍ਰਾ. ਅਤੇ ਗ੍ਰਾ. ਵਿੱਚ ਮਾਪਿਆ ਜਾਂਦਾ ਹੈ, ਉਸ ਪ੍ਰਕਾਰ ਸੰਗੀਤ ਵਿੱਚ ਗਾਉਣ ਵਜਾਉਣ ਦੇ ਸਮੇਂ ਨੂੰ ਮਾਪਣ ਲਈ ਤਾਲ ਇੱਕ ਮਾਪਕ ਯੰਤਰ ਦੇ ਤੌਰ ਤੇ ਕੰਮ ਕਰਦਾ ਹੈ। ਇਸ ਪ੍ਰਕਾਰ ਅਸੀਂ ਕਹਿ ਸਕਦੇ ਹਾਂ ਕਿ ਸੰਗੀਤ ਵਿੱਚ ਗਾਇਨ, ਵਾਦਨ ਤੇ ਨ੍ਰਿਤ ਦਾ ਸਮਾਂ ਨਾਪਣ ਦੇ ਪੈਮਾਨੇ ਨੂੰ ਤਾਲ ਕਹਿੰਦੇ ਹਨ।

ਵੱਖ - 2 ਮਾਤਰਾਵਾਂ ਦੇ ਸਮੂਹ ਤੋਂ ਭਿੰਨ - 2 ਤਾਲਾਂ ਦੀ ਉਤਪੱਤੀ ਹੁੰਦੀ ਹੈ। ਇਹਨਾਂ ਤਾਲਾਂ ਨੂੰ ਤਬਲਾ, ਮਿਰਦੰਗ ਆਦਿ ਸਾਜ਼ਾਂ ਤੇ ਵਜਾਇਆ ਜਾਂਦਾ ਹੈ। ਹਰੇਕ ਤਾਲ ਦੇ ਨਿਸ਼ਚਿਤ ਬੋਲ, ਤਾਲੀ, ਖਾਲੀ, ਵਿਭਾਗ ਅਤੇ ਨਿਸ਼ਚਿਤ ਮਾਤਰਾਵਾਂ ਹੁੰਦੀਆਂ ਹਨ, ਜਿਵੇਂ ਅੱਠ ਮਾਤਰਾਵਾਂ ਦਾ ਕਹਿਰਵਾ ਤਾਲ, ਦਸ ਮਾਤਰਾਵਾ ਦਾ ਝੱਪ ਤਾਲ, ਬਾਰਾਂ ਮਾਤਰਾਵਾਂ ਦਾ ਇੱਕ ਤਾਲ, ਸੋਲਾਂ ਮਾਤਰਾਵਾਂ ਦਾ ਤਿੰਨ ਤਾਲ ਆਦਿ। ਤਾਲਾਂ ਦਾ ਨਿਰਮਾਣ ਵਾਦਨ ਜਾਂ ਗਾਇਨ ਸ਼ੈਲੀਆਂ ਦੇ ਆਧਾਰ ਤੇ ਹੋਇਆ ਹੈ। ਜਿਵੇਂ ਧਰੁਪਦ ਗਾਇਨ ਨਾਲ ਚਾਰ ਤਾਲ, ਸਿਤਾਰ ਦੀਆਂ ਗਤਾਂ ਨਾਲ ਤਿੰਨ ਤਾਲ, ਏਕ ਤਾਲ, ਝੱਪਤਾਲ, ਖਿਆਲ ਗਾਇਨ ਨਾਲ ਏਕਤਾਲ, ਤਿੰਨ ਤਾਲ, ਝੱਪਤਾਲ, ਠੁਮਰੀ ਗਾਇਨ ਨਾਲ ਦੀ ਦੀਪਚੰਦੀ ਤਾਲ ਆਦਿ।

ਤਾਲ ਦਾ ਮਹੱਤਵ :—

ਤਾਲ ਦੇ ਮਹੱਤਵ ਸੰਬੰਧੀ ਪੰ: ਸ਼ਾਰੰਗਦੇਵ 'ਸੰਗੀਤ ਰਤਨਕਰ' ਗ੍ਰੰਥ ਵਿੱਚ ਲਿਖਦੇ ਹਨ :

गीतं, वाद्यं तथा नृत्यं यतस्ताले प्रतिष्ठितम्

ਅਰਥਾਤ ਗਾਇਨ, ਵਾਦਨ ਅਤੇ ਨ੍ਰਿਤ ਤਿੰਨੋਂ ਹੀ ਤਾਲ ਨਾਲ ਸ਼ੋਭਾ ਪਾਉਂਦੇ ਹਨ। ਤਾਲ ਨੂੰ ਗਾਇਨ,

ਵਾਦਨ ਅਤੇ ਨ੍ਰਿਤ ਤਿੰਨਾਂ ਦੀ ਜਾਨ ਮੰਨਿਆ ਗਿਆ ਹੈ। ਜੇਕਰ ਇਨ੍ਹਾਂ ਵਿੱਚੋਂ ਤਾਲ ਨੂੰ ਕੱਢ ਦਿੱਤਾ ਜਾਵੇ ਤਾਂ ਇਹ ਇੱਕ ਮੁਰਦਾ ਸਰੀਰ ਦੇ ਸਮਾਨ ਹੋ ਜਾਣਗੇ। ਤਾਲ ਤੋਂ ਬਿਨਾਂ ਗਾਉਣਾ ਵਜਾਉਣਾ ਨੀਰਸ ਲੱਗਦਾ ਹੈ। ਤਾਲ ਨਾਲ ਸੰਗੀਤ ਪ੍ਰਭਾਵਸ਼ਾਲੀ ਬਣਦਾ ਹੈ। ਪੰ: ਭਾਤਖੰਡੇ ਜੀ ਲਿਖਦੇ ਹਨ ਕਿ ਸੰਗੀਤ ਦੇ ਵਿਦਿਆਰਥੀ ਨੂੰ ਸੁਰ ਤੋਂ ਪਹਿਲਾਂ ਤਾਲ ਦਾ ਹੀ ਗਿਆਨ ਦੇਣਾ ਚਾਹੀਦਾ ਹੈ। ਸੰਗੀਤ ਦਾ ਮੁੱਖ ਮੰਤਵ ਆਨੰਦ ਦੀ ਪ੍ਰਾਪਤੀ ਕਰਾਉਣਾ ਹੀ ਹੁੰਦਾ ਹੈ। ਤਾਲ ਨਾਲ ਸੰਗੀਤ ਦੇ ਰਸ ਵਿੱਚ ਵਾਧਾ ਹੁੰਦਾ ਹੈ।

ਤਾਲ ਇੱਕ ਸੰਗੀਤਕਾਰ ਨੂੰ ਮਰਿਯਾਦਾ ਵਿੱਚ ਬੰਨ੍ਹਕੇ ਰੱਖਦਾ ਹੈ। ਤਾਲ ਦੇ ਵੱਖ - 2 ਬੋਲਾਂ, ਮਾਤਰਾਵਾਂ ਤਾਲੀ, ਖਾਲੀ ਦੀ ਸਹਾਇਤਾ ਨਾਲ ਉਸਨੂੰ ਪਤਾ ਲੱਗਦਾ ਰਹਿੰਦਾ ਹੈ ਕਿ ਉਹ ਕਿੱਥੇ ਘੁੰਮ ਰਿਹਾ ਹੈ। ਇਸ ਪ੍ਰਕਾਰ ਤਾਲ ਸੰਗੀਤਕਾਰ ਨੂੰ ਨਿਯੰਤਰਨ ਵਿੱਚ ਰੱਖਦਾ ਹੈ।

## V ਝਾਲਾ

ਝਾਲਾ ਸਿਤਾਰ ਅਤੇ ਸਰੋਦ ਸਾਜ਼ਾਂ ਤੇ ਵਜਾਉਣ ਦੀ ਇੱਕ ਕ੍ਰਿਆ ਦਾ ਨਾਮ ਹੈ। ਰਜ਼ਾਖਾਨੀ ਗਤ ਦੇ ਤੋੜੇ ਵਜਾਉਣ ਤੋਂ ਬਾਅਦ ਦਰੁੱਤ ਲੈਅ ਵਿੱਚ ਝਾਲੇ ਦਾ ਵਾਦਨ ਕੀਤਾ ਜਾਂਦਾ ਹੈ। ਝਾਲੇ ਵਿੱਚ ਮੁੱਖ ਤੌਰ ਤੇ ਮੰਦਰ ਸਪਤਕ ਦੇ 'ਮ' ਤੇ ਮਿਲਾਏ ਗਏ ਬਾਜ਼ ਦੇ ਤਾਰ ਅਤੇ ਤਾਰ ਸਪਤਕ ਦੇ 'ਸਂ' ਤੇ ਮਿਲਾਏ ਗਏ ਚਿਕਾਰੀ ਦੇ ਤਾਰ ਦਾ ਪ੍ਰਯੋਗ ਕੀਤਾ ਜਾਂਦਾ ਹੈ। ਬਾਜ਼ ਦੇ ਤਾਰ ਤੇ ਮਿਜ਼ਰਾਬ ਨਾਲ 'ਦਾ' ਬੋਲ ਵਜਾ ਕੇ ਅਤੇ ਚਕਾਰੀ ਦੇ ਤਾਰ ਤੇ 'ਰਾ' ਬੋਲ ਵਜਾਕੇ ਦਰੁੱਤ ਲੈਅ ਵਿੱਚ ਝਾਨੇ ਦਾ ਵਾਦਨ ਕੀਤਾ ਜਾਂਦਾ ਹੈ। ਇਸ ਵਿੱਚ ਬਾਜ ਅਤੇ ਚਿਕਾਰੀ ਦੇ ਤਾਰ ਤੇ ਇੱਕ ਸਮਾਨ ਲੈਅ ਵਿੱਚ ਆਵਾਜ਼ ਨੂੰ ਬਿਨਾਂ ਤੋੜੇ ਪ੍ਰਹਾਰ ਕਰਕੇ ਦਾ ਰਾ ਰਾ ਰਾ ਆਦਿ ਸਵਰ ਵਜਾਇਆ ਜਾਂਦਾ ਹੈ। ਝਾਲਾ ਵਜਾਉਣ ਨਾਲ ਇੱਕ ਦਿਲ ਖਿੱਚਵਾਂ ਵਾਤਾਵਰਨ ਪੈਦਾ ਹੋ ਜਾਂਦਾ ਹੈ। ਝਾਲਾ ਵਜਾਉਂਦੇ ਸਮੇਂ ਆਨੰਦ ਦੀ ਚਰਮ ਸੀਮਾ ਹੁੰਦੀ ਹੈ। ਇਸ ਵਿੱਚ ਇੱਕ ਵਾਦਕ ਦੇ ਹੱਥ ਦੀ ਤਿਆਰੀ ਦਿਖਾਈ ਦਿੰਦੀ ਹੈ। ਇਸਦੇ ਨਾਲ ਹੀ ਉਸਦਾ ਤਾਲ ਤੇ ਅਧਿਕਾਰ ਵੀ ਪਤਾ ਲੱਗਦਾ ਹੈ। ਝਾਲੇ ਨੂੰ ਮੀਂਡ, ਕ੍ਰਿੰਤਨ, ਜ਼ਮਜ਼ਮਾ ਆਦਿ ਕ੍ਰਿਆਵਾਂ ਨਾਲ ਸਜਾਇਆ ਜਾਂਦਾ ਹੈ। ਝਾਲੇ ਦੇ ਅੰਤ ਵਿੱਚ ਤਿਹਾਈ ਲਗਾ ਕੇ ਸਮਾਪਤੀ ਕੀਤੀ ਜਾਂਦੀ ਹੈ। ਝਾਲਾ ਦੋ ਪ੍ਰਕਾਰ ਦਾ ਹੁੰਦਾ ਹੈ :-

1. ਸੁਲਟ ਝਾਲਾ    2. ਉਲਟ ਝਾਲਾ

1. ਸੁਲਟ ਝਾਲਾ :— ਸੁਲਟ ਝਾਲੇ ਨੂੰ ਸਿੱਧਾ ਝਾਲਾ ਵੀ ਕਿਹਾ ਜਾਂਦਾ ਹੈ। ਇਸ ਪ੍ਰਕਾਰ ਦੇ ਝਾਲੇ ਵਿੱਚ ਮਿਜ਼ਰਾਬ ਦੇ ਪ੍ਰਹਾਰ ਨਾਲ ਪਹਿਲਾ ਬਾਜ਼ ਦੇ ਤਾਰ ਤੇ 'ਦਾ' ਬੋਲ ਵਜਾਉਂਦੇ ਹਨ ਅਤੇ ਫਿਰ ਚਿਕਾਰੀ ਦੇ ਤਾਰ ਤੇ 'ਰਾ' ਬੋਲ ਵਜਾਇਆ ਜਾਂਦਾ ਹੈ। ਇਸ ਦੇ ਨਾਲ ਦਾ ਰਾ ਰਾ ਰਾ , ਦਾ ਰਾ ਰਾ ਰਾ ਦੀ ਧੁਨੀ ਉਤਪੰਨ ਹੁੰਦੀ ਹੈ।

2. ਉਲਟ ਝਾਲਾ :— ਇਸ ਪ੍ਰਕਾਰ ਦੇ ਝਾਲੇ ਵਿੱਚ ਪਹਿਲਾ ਚਿਕਾਰੀ ਦੇ ਤਾਰ ਦੇ ਮਿਜ਼ਰਾਬ ਨਾਲ 'ਰਾ' ਬੋਲ ਵਜਾਇਆ ਜਾਂਦਾ ਹੈ ਅਤੇ ਫਿਰ ਬਾਜ਼ ਦੇ ਤਾਰ ਤੇ 'ਦਾ' ਬੋਲ ਵਜਾਇਆ ਜਾਂਦਾ ਹੈ। ਇਸ ਨੂੰ ਉਲਟਾ ਝਾਲਾ ਕਹਿੰਦੇ ਹਨ। ਇਸ ਦੇ ਨਾਲ ਰਾ ਦਾ ਰਾ ਰਾ, ਰਾ ਦਾ ਰਾ ਰਾ ਬੋਲਾਂ ਦੀ ਉਤਪੱਤੀ ਹੁੰਦੀ ਹੈ।

ਮਿਜ਼ਰਾਬ ਦੇ ਬੋਲਾਂ ਨੂੰ ਬਦਲ - ਬਦਲ ਕੇ ਅੱਠ - 2 ਮਾਤਰਾ ਦੇ ਕਈ ਪ੍ਰਕਾਰ ਦੇ ਝਾਲੇ ਬਣਾਏ ਜਾਂਦੇ ਹਨ, ਜਿਵੇਂ ਦਾ ਰਾ ਰਾ ਰਾ ਦਾ ਰਾ ਰਾ ਰਾ, ਦਾ ਰਾ ਦਾ ਦਾ ਰਾ ਦਾ ਦਾ ਰਾ, ਦਾ ਦਾ ਰਾ ਰਾ ਦਾ ਦਾ ਰਾ ਰਾ, ਦਾ ਰਾ ਰਾ ਦਾ ਰਾ ਰਾ

ਦਾ ਰਾ ਆਦਿ।

ਸੰਗੀਤ ਦੇ ਆਰੰਭਿਕ ਵਿਦਿਆਰਥੀਆਂ ਨੂੰ ਝਾਲੇ ਦੀ ਤਿਆਰੀ ਪਹਿਲਾਂ ਮੱਧ ਵਿੱਚ ਹੀ ਕਰਨੀ ਚਾਹੀਦੀ ਹੈ ਤਾਂ ਜੋ ਸਵਰਾਂ ਦਾ ਸਪਸ਼ਟ ਉਚਾਰਣ ਹੋ ਸਕੇ। ਮੱਧ ਲੈਅ ਦੇ ਵਿੱਚ ਝਾਲੇ ਦਾ ਅਭਿਆਸ ਕਰਨ ਤੋਂ ਬਾਅਦ ਹੀ ਦਰੁੱਤ ਲੈਅ ਅਭਿਆਸ ਕਰਨਾ ਚਾਹੀਦਾ ਹੈ।

## vi ਅਰੋਹ

ਅਰੋਹ ਦਾ ਅਰਥ ਹੈ ਚੜ੍ਹਦਾ ਕ੍ਰਮ ਭਾਵ ਸਵਰਾਂ ਦੇ ਚੜ੍ਹਦੇ ਹੋਏ ਕ੍ਰਮ ਨੂੰ ਆਰੋਹ ਕਿਹਾ ਜਾਂਦਾ ਹ। ਜਿਵੇਂ :-

ਸ ਰੇ ਗ ਮ ਪ ਧ ਨੀ ਸਂ

ਵਾਦਕ ਗਾਇਕ ਗਾਉਂਦੇ ਤੇ ਵਜਾਉਂਦੇ ਹੋਏ ਵਿਸ਼ੇਸ਼ ਸਵਰ ਤੇ ਨਹੀਂ ਖੜ੍ਹਦੇ ਉਹ ਉਪਰ ਨੀਚੇ ਹੁੰਦੇ ਰਹਿੰਦੇ ਹਨ। ਅਰੋਹ ਹਮੇਸ਼ਾ ਮੱਧ ਸਪਤਕ ਦੇ ਸ ਤੋਂ ਤਾਰ ਸਪਤਕ ਦੇ ਸ ਤਕ ਹੁੰਦਾ ਹੈ। ਅਰੋਹ ਦੀ ਪਰਿਭਾਸ਼ਾ ਇਸ ਪ੍ਰਕਾਰ ਹੈ :—

''ਗਾਇਨ ਜਾਂ ਵਾਦਨ ਕਰਦੇ ਸਮੇਂ ਅਵਾਜ਼ ਲਗਾਤਾਰ ਉੱਚੀ ਹੁੰਦੀ ਜਾਵੇ ਤਾਂ ਉਸ ਨੂੰ ਅਰੋਹ ਕਿਹਾ ਜਾਂਦਾ ਹੈ।''

## vii ਅਵਰੋਹ

ਸਵਰਾਂ ਦੇ ਉਤਰਦੇ ਹੋਏ ਕ੍ਰਮ ਨੂੰ ਅਵਰੋਹ ਕਿਹਾ ਜਾਂਦਾ ਹੈ ਜਿਵੇਂ :— ਸਂ ਨੀ ਧ ਪ ਮ ਗ ਰੇ ਸ।

ਅਵਰੋਹ ਤੋਂ ਰਾਗ ਵਿੱਚ ਲਗਣ ਵਾਲੇ ਸਵਰਾਂ ਦੀ ਜਾਣਕਾਰੀ ਮਿਲਦੀ ਹੈ। ਇਸ ਨਾਲ ਹੀ ਅਰੋਹ ਅਵਰੋਹ ਨਾਲ ਰਾਗ ਦੀ ਜਾਤੀ ਨਿਸ਼ਚਿਤ ਹੁੰਦੀ ਹੈ। ਰਾਗ ਦੇ ਚਲਨ ਦੇ ਨਾਲ ਦੀ ਅਰੋਹ - ਅਵਰੋਹ ਨਿਸ਼ਚਿਤ ਹੁੰਦੇ ਹਨ।

ਅਵਰੋਹ ਦੀ ਪਰਿਭਾਸ਼ਾ ਇਸ ਪ੍ਰਕਾਰ ਹੈ :—

''ਜਦੋਂ ਕਲਾਕਾਰ ਆਰੋਹ ਦੀ ਉਲਟੀ ਦਿਸ਼ਾ ਵਿੱਚ ਵਾਦਨ ਕਰਦਾ ਹੈ ਤਾਂ ਸੰਗੀਤ ਦੀ ਭਾਸ਼ਾ ਵਿੱਚ ਇਸ ਨੂੰ ਅਵਰੋਹ ਕਿਹਾ ਜਾਂਦਾ ਹੈ।''

ਇਕ ਹੋਰ ਪਰਿਭਾਸ਼ਾ ਅਨੁਸਾਰ, ''ਉੱਚੀ ਆਵਾਜ਼ ਤੋਂ ਨੀਵੀਂ ਆਵਾਜ ਵਲ ਵਾਦਨ ਕਿਰਿਆ ਕਰਨ ਨੂੰ ਅਵਰੋਹ ਕਿਹਾ ਜਾਂਦਾ ਹੈ। ਇਹ ਜ਼ਰੂਰੀ ਨਹੀਂ ਕਿ ਇਸ ਵਿੱਚ ਸਤ ਸਵਰ ਹੀ ਲਗਣ। ਰਾਗ ਦੇ ਸਵਰਾਂ ਅਨੁਸਾਰ ਅਰੋਹ - ਅਵਰੋਹ ਹੁੰਦੇ ਹਨ ਜਿਵੇਂ ਰਾਗ ਭੁਪਾਲੀ ਵਿੱਚ 5 ਸਵਰ ਲਗਦੇ ਹਨ। ਇਸ ਦੇ ਅਵਰੋਹ ਇਸ ਪ੍ਰਕਾਰ ਹਨ ।

ਸ ਰੇ ਗ ਪ ਧ ਸਂ

ਸਂ ਧ ਪ ਗ ਰੇ ਸ

## viii ਪਕੜ

ਰਾਗ ਵਿੱਚ ਲਗਣ ਵਾਲਾ ਉਹ ਛੋਟਾ ਜਿਹਾ ਵਿਸ਼ੇਸ਼ ਸਮੂਹ ਜਿਸ ਨਾਲ ਰਾਗ ਦੀ ਪਹਿਚਾਣ ਇਕ ਦਮ 'ਚ ਹੋ ਜਾਵੇ ਪਕੜ ਅਖਵਾਉਂਦਾ ਹੈ। ਰਾਗ ਦੇ ਅਰੋਹ - ਅਵਰੋਹ ਤੋਂ ਬਾਅਦ ਪਕੜ ਗਾਈ ਜਾਂਦੀ ਹੈ। ਪਕੜ ਤੋਂ ਵਾਦੀ -

ਸੰਵਾਦੀ ਸਵਰ ਦੀ ਪਹਿਚਾਨ ਹੋ ਜਾਂਦੀ ਹੈ। ਰਾਗ ਦੀ ਚਾਲ ਕਿਹੋ ਜਿਹੀ ਹੈ, ਕਿੰਨਾ ਸਵਰਾਂ ਤੇ ਚਹਿਰਾਵ ਕੀਤਾ ਜਾਂਦਾ ਹੈ ਇਕ ਪਕੜ ਤੋਂ ਪਤਾ ਚਲਦਾ ਹੈ।

ਰਾਗ ਦੀ ਪਕੜ ਵਖਰੀ - ਵਖਰੀ ਹੁੰਦੀ ਹੈ। ਰਾਗ ਨੂੰ ਗਾਂਦੇ। ਵਜਾਂਦੇ ਹੋਏ ਪਕੜ ਦੇ ਵਿਸ਼ੇਸ਼ ਸਵਰ ਸਮੂਹ ਨੂੰ ਬਾਰ - 2 ਪ੍ਰਯੋਗ ਵਿੱਚ ਲਿਆਇਆ ਜਾਂਦਾ ਹੈ ਜਿਸ ਨਾਲ ਰਾਗ ਦਾ ਸਵਰੂਪ ਸਪਸ਼ਟ ਹੋ ਜਾਂਦਾ ਹੈ।

ਰਾਗ ਭੈਰਵ ਦੀ ਪਕੜ :—

ਗ ਮ ਧੁ ऽ ਧੁ ऽ ਪ, ਗ ਮ ਰੇੁ ऽ ਰੇੁ ਸ

ਰਾਗ ਕਲਿੰਗੜਾ ਦੀ ਪਕੜ :—

ਧੁ ਪ, ਗ ਮ ਗ, ਰੇੁ ਸ।

ਰਾਗ ਦੀ ਪਕੜ ਨਾਲ ਰਾਗ ਦਾ ਸਰੂਪ ਦਿਮਾਗ ਵਿੱਚ ਬੈਠ ਜਾਂਦਾ ਹੈ। ਰਾਗ ਦੇ ਸਰੂਪ ਦੀ ਸ਼ੁਧਤਾ ਨੂੰ ਸਥਿਰ ਰਖਣ ਲਈ ਪਕੜ ਨੂੰ ਯਾਦ ਰਖਣਾ ਜ਼ਰੂਰੀ ਹੈ। ਜੇ ਕਦੇ ਅਲਾਪ ਲੈਂਦੇ ਹੋਏ ਰਾਗ ਤੋਂ ਪਰੇ ਜਾਣ ਲਗੇ ਤਾਂ ਪਕੜ ਲੈ ਕੇ ਇਕ ਦਮ ਰਾਗ ਦਾ ਸ਼ੁਧ ਰੂਪ ਸਥਿਰ ਹੋ ਜਾਂਦਾ ਹੈ।

## ix ਅਲਾਪ

ਵਾਦਨ ਕੋਈ ਵੀ ਗਤ ਗਾਉਣ ਤੇ ਪਹਿਲਾਂ ਉਸ ਗਤ ਵਿੱਚ ਲਗਣ ਵਾਲੇ ਸਵਰਾਂ ਦਾ ਥੋੜਾ ਜਿਹਾ ਰੂਪ ਦਿਖਾਉਂਦੇ ਹਨ ਤਾਂ ਉਸ ਨੂੰ ਅਲਾਪ ਕਿਹਾ ਜਾਂਦਾ ਹੈ। ਇਹ ਸਰੂਪ ਸਰਗਮ ਵਿੱਚ ਵੀ ਹੋ ਸਕਦਾ ਹੈ ਤੇ ਜੋੜ ਅਲਾਪ ਵਿੱਚ ਵੀ।

ਰਾਗ ਦਾ ਸਾਰਾ ਢਾਂਚਾ ਰਾਗ ਦੇ ਅਲਾਪ ਵਿੱਚ ਹੀ ਨਜ਼ਰ ਆ ਜਾਂਦਾ ਹੈ। ਮੰਦ੍ਰ ਸਪਤਕ ਤੋਂ ਮੱਧ ਤੋਂ ਮੱਧ ਤੋਂ ਤਾਰ ਸਪਤਕ ਵਿੱਚ ਹੋਲੀ - ਹੋਲੀ ਬੜਤ ਕਰਦੇ ਹੋਏ ਸਵਰ ਵਿਸਥਾਰ ਕੀਤਾ ਜਾਂਦਾ ਹੈ ਤਾਂ ਉਹ ਅਲਾਪ ਕਹਾਉਂਦਾ ਹੈ। ਗੰਭੀਰ ਪ੍ਰਕੀਤੀ ਦਾ ਹੋਣ ਕਾਰਣ ਇਸ ਦੀ ਗਤੀ ਵਿਲੰਬਿਤ ਹੁੰਦੀ ਹੈ।

ਪੰ. ਭਾਤਖੰਡੇ ਜੀ ਅਨੁਸਾਰ ,'' ਸਾਡੇ ਗਾਇਕ ਵਾਦਕ ਕੋਈ ਵੀ ਗੀਤ / ਗਤ ਗਾਉਣ ਵਜਾਉਣ ਤੋਂ ਪਹਿਲਾਂ ਉਸ ਰਾਗ ਵਾਲੇ ਰਾਗ ਸਰੂਪ ਦਾ ਥੋੜਾ ਜਿਹਾ ਦਿਗਦਰਸ਼ਨ ਕਰਾਉਂਦੇ ਹਨ ਤਾਂ ਇਹ ਅਲਾਪ ਅਖਵਾਉਂਦਾ ਹੈ।

ਸ਼੍ਰੀ ਮਤੀ ਮਹਾਰਾਣੀ ਸ਼ਰਮਾ ਦੇ ਅਨੁਸਾਰ ,'' ਅਲਾਪ ਗਾਇਨ ਵਾਦਨ ਦੀ ਕਿਰਿਆ ਅਸਲ ਵਿੱਚ ਰਾਗ ਪ੍ਰਗਟ ਹੋਣ ਤੋਂ ਪਹਿਲਾਂ ਦੀ ਤਿਆਰੀ ਹੈ, ਜਿਸ ਨਾਲ ਰਾਗ ਦਾ ਪੂਰਵ ਆਭਾਸ ਉਸ ਸਵਰ ਵਿਸਤਾਰ ਜਾਂ ਅਲਾਪ ਤੋਂ ਨਜ਼ਰੀ ਪੈਂਦਾ ਹੈ।

ਅਲਾਪ ਰਾਗ ਦੇ ਵਿਸਤਾਰ ਕਰਨ ਦਾ ਇਕ ਸਾਧਨ ਹੈ। ਰਾਗ ਦੀ ਬੰਦਿਸ਼ ਤੋਂ ਪਹਿਲਾਂ ਰਾਗ ਵਿੱਚ ਲਗਣ ਵਾਲੇ ਸਵਰਾਂ ਨਾਲ ਰਾਗ ਦਾ ਸਰੂਪ ਸਪਸ਼ਟ ਕਰਨਾ ਅਲਾਪ ਕਹਾਉਂਦਾ ਹੈ। ਵਾਦਨ ਵਿੱਚ ਅਲਾਪ ਚਾਰ ਤਰ੍ਹਾਂ ਦਾ ਹੁੰਦਾ ਹੈ :-

1. ਮੰਦ ਆਲਾਪ ( ਵਿਲੰਬਿਤ )

2. ਮੱਧ ਆਲਾਪ (ਜੋੜ ਆਲਾਪ)

3. ਤਾਨ ਆਲਾਪ

4 ਦ੍ਰੁਤ ਆਲਾਪ

1. ਮੰਦ ਅਲਾਪ :— ਇਹ ਆਮ ਤੌਰ ਤੇ ਮੱਧ ਸ ਤੋਂ ਸ਼ੁਰੂ ਕੀਤਾ ਜਾਂਦਾ ਹੈ ਅਤੇ ਇਕ ਦੋ ਸਵਰਾਂ ਨੂੰ ਬਾਰ-ਬਾਰ ਵਜਾ ਕੇ ਬਾਕੀ ਸਵਰਾਂ ਨੂੰ ਜੋੜਦੇ ਹੋਏ ਅੱਗੇ ਵਧੱਦੇ ਹਾਂ ਅਤੇ ਰਾਗ ਦੇ ਰੂਪ ਨੂੰ ਸਪਸ਼ਟ ਕਰਦੇ ਹਾਂ। ਇਸ ਆਲਾਪ ਵਿੱਚ ਸਵਰਾਂ ਦੀ ਜਗ੍ਹਾਂ ਦੀ ਸ਼ੁਧਤਾ ਤੇ ਖਾਸ ਧਿਆਨ ਦਿੱਤਾਜਾਂਦਾ ਹੈ। ਵਾਦਨ ਦੇ ਆਲਾਪ ਦਾ ਇਕ ਮੁੱਖੜਾ ਹੁੰਦਾ ਹੈ ਜਿਸ ਨੂੰ ਆਲਾਪ ਦਾ ਸਮ ਕਹਿੰਦੇ ਹਨ ਇਸ ਆਲਾਪ ਦੇ ਹਰ ਟੁਕੜੇ ਦੇ ਪੂਰੇ ਹੋਣ ਤੇ ਵਜਾਇਆ ਜਾਂਦਾ ਹੈ ਜਿਵੇਂ :— ਨੀ, ਨੀ, ਰੇ, ਸ

2. ਮੱਧ ਆਲਾਪ :— ਮੰਦ ਆਲਾਪ ਤੋਂ ਬਾਅਦ ਆਲਾਪ ਦੀ 'ਗਤੀ' (ਲੈਅ) ਥੋੜੀ ਜਿਹੀ ਵਧਾ ਦਿੱਤੀ ਜਾਂਦੀ ਹੈ। ਇਸ ਆਲਾਪ ਦੀ ਲੈਅ ਲਗਭਗ ਡੇੜ ਕੁ ਗੁਣਾ ਜ਼ਿਆਦਾ ਹੁੰਦੀ ਹੈ। ਇਹ ਛੋਟੇ-ਛੋਟੇ ਸਵਰ ਸਮੂਹਾਂ ਨਾਲ ਸਵਰਾਂ ਦਾ ਵਿਸਤਾਰ ਕੀਤਾ ਜਾਂਦਾ ਹੈ। ਇਸ ਵਿੱਚ ਜੋੜੇ ਬਣਾ ਕੇ ਵਜਾਏ ਜਾਂਦੇ ਹਨ। ਜਿਵੇਂ : — ਨਿਧ ਨਿਧ ਸ਼ਨੀ ਰੇਸ।

3. ਤਾਨਾ ਅਲਾਪ :— ਤਾਨਾਲਾਪ ਵਿੱਚ ਲੈਅ ਹੋਰ ਵੱਧ ਜਾਂਦੀ ਹੈ। ਇਸ ਦੀ ਗਤੀ ਮੰਦ ਆਲਾਪ ਤੋਂ ਲਗਭਗ ਦੁਗਨੀ ਹੁੰਦੀ ਹੈ। ਇਸ ਵਿੱਚ ਸਵਰਾਂ ਦੇ ਲੰਬੇ - ਲੰਬੇ ਵਾਵਰਤਨ ਬਣਾਏ ਜਾਂਦੇ ਹਨ। ਆਲਾਪ ਦੇ ਇਸ ਭਾਗ ਵਿੱਚ ਰਾਗ ਦੀ ਚਲਨ ਦਿਖਾਈ ਜਾਂਦੀ ਹੈ ਅਤੇ ਤਾਨਾਂ ਦੁਗੁਣ ਵਿੱਚ ਦਾਗ, ਦਾਗ ਬੋਲ ਵਜਾਏ ਜਾਂਦੇ ਹਨ। ਤਾਨਾਂ ਦੀ ਸਮਾਪਤੀ ਤੇ ਆਲਾਪ ਦਾ ਸਮ ਦਿਖਾਇਆ ਜਾਂਦਾ ਹੈ।

4. ਦ੍ਰੁਤਾਲਾਪ :— ਤਾਨਾਲਾਪ ਦੇ ਪੂਰਾ ਹੋਣ ਤੇ ਲੈਅ ਹੋਰ ਵਧਾਈ ਜਾਂਦੀ ਹੈ ਅਤੇ ਇਸ ਵਿੱਚ ਅ ਮਿਜ਼ਰਾਬ ਨਾਲ ਠੋਂਕਝਾਲਾ ਵਜਾਂਦੇ ਹਨ। ਕਿਸੇ ਵੀ ਸਵਰ ਨੂੰ ਵਜਾਂਦੇ ਹੋਏ ਮਿਜ਼ਰਾਬ ਨਾਲ ਸਿਤਾਰ ਦੀ ਤਾਰ ਤੇ ਚੋਟ ਇੰਨੀ ਜ਼ੋਰ ਨਾਲ ਕੀਤੀ ਜਾਂਦੀ ਹੈ ਕਿ ਤਬਲੀ ਤੇ ਵੀ ਚੋਟ ਹੋਵੇ ਉਸ ਨੂੰ ਠੋਂਕ ਵਜਾਣਾ ਕਹਿੰਦੇ ਹਨ। ਹਰੇਕ ਲੈਅ ਦਾ ਝਾਲਾ ਖਤਮ ਕਰਕੇ ਆਲਾਪ ਦਾ ਸਮ ਉਸ ਤੋਂ ਅੱਧੀ ਲੈਅ ਵਿੱਚ ਵਜਾਇਆ ਜਾਂਦਾ ਹੈ। ਅੰਤ ਵਿੱਚ ਚੋਗੁਣ ਦੀਆਂ ਤਾਨਾਂ ਵਜਾ ਕੇ ਆਲਾਪ ਦੇ ਸਮ ਤੇ ਆਲਾਪ ਖਤਮ ਕਰ ਦਿਤਾ ਜਾਂਦਾ ਹੈ। ਇਸ ਭਾਗ ਵਿੱਚ ਲੈਅ ਨੂੰ ਮੁੱਖ ਰਖਿਆ ਜਾਂਦਾ ਹੈ।

## X ਤੋੜਾ

ਸਿਤਾਰ, ਸਰੋਦ ਅਤੇ ਵੀਣਾ ਆਦਿ ਸਾਜਾਂ ਉੱਪਰ ਰਾਗ ਦਾ ਵਿਸਤਾਰ ਕਰਨ ਦੀ ਕ੍ਰਿਆ ਦਾ ਨਾਮ ਤੋੜਾ ਹੈ। ਅਸਲ ਵਿੱਚ ਗਾਇਨ ਵਿੱਚ ਦਰੁੱਤ ਸਵਰ ਸਮੂਹਾਂ ਦੇ ਗਾਉਣ ਨੂੰ ਤਾਨ ਕਿਹਾ ਜਾਂਦਾ ਹੈ ਉਸ ਪ੍ਰਕਾਰ ਸਿਤਾਰ ਉੱਪਰ ਦਰੁੱਤ ਗਤੀ ਵਿੱਚ ਵਜਾਏ ਜਾਣ ਵਾਲੇ ਸਵਰ ਸਮੂਹਾਂ ਨੂੰ ਤੋੜਾ ਕਿਹਾ ਜਾਂਦਾ ਹੈ। ਇਸ ਪ੍ਰਕਾਰ ਤੋੜਾ ਰਾਗ ਵਿਸਤਾਰ ਕਰਨ ਦਾ ਹੀ ਇੱਕ ਸਾਧਨ ਹੈ।

ਸਿਤਾਰ ਵਾਦਨ ਵਿੱਚ ਰਜ਼ਾਖਾਨੀ ਅਤੇ ਮਸੀਤਖਾਨੀ ਗਤਾਂ ਵਿੱਚ ਤੋੜੇ ਵਜਾਏ ਜਾਂਦੇ ਹਨ। ਤੋੜੇ ਕਿਸੇ ਵੀ ਮਾਤਰਾ ਤੋਂ ਸ਼ੁਰੂ ਕੀਤੇ ਜਾ ਸਕਦੇ ਹਨ ਅਤੇ ਫਿਰ ਵਾਪਸ ਗਤ ਦੇ ਮੁਖੜੇ ਵਿੱਚ ਮਿਲਿਆ ਜਾਂਦਾ ਹੈ। ਤੋੜੇ ਇੱਕ ਆਵਰਤਨ ਤੋਂ ਲੈ ਕੇ ਕਈ ਆਵਰਤਨ ਤੱਕ ਹੋ ਸਕਦੇ ਹਨ। ਰਜ਼ਾਖਾਨੀ ਗਤ ਵਿੱਚ ਚੌਗੁਣ, ਛੇਗੁਣ, ਅੱਠਗੁਣ

ਆਦਿ ਲੈਅਕਾਰੀਆਂ ਦੇ ਤੋੜੇ ਵਜਾਏ ਜਾਂਦੇ ਹਨ। ਤੋੜਿਆਂ ਵਿੱਚ ਇੱਕ ਵਾਦਕ ਦੀ ਹੱਥ ਦੀ ਤਿਆਰੀ ਦੇ ਨਾਲ - 2 ਬੁੱਧੀ ਦੇ ਚਮਤਕਾਰ ਤੇ ਤਾਲ ਗਿਆਨ ਦਾ ਵੀ ਪਤਾ ਲੱਗਦਾ ਹੈ । ਤੋੜੇ ਵਜਾਉਂਦੇ ਸਮੇਂ ਸੁਰਾਂ ਦਾ ਸਪਸ਼ਟ ਵਾਦਨ ਹੋਣਾ ਬਹੁਤ ਜ਼ਰੂਰੀ ਹੈ। ਇਸ ਨਾਲ ਵਾਦਨ ਵਿੱਚ ਮਿਠਾਸ ਆਉਂਦੀ ਹੈ। ਤੋੜੇ ਕਈ ਪ੍ਰਕਾਰ ਦੇ ਹੁੰਦੇ ਹਨ :—

1. ਬਰਾਬਰ ਦਾ ਤੋੜਾ :— ਜਿਸ ਲੈਅ ਵਿੱਚ ਗਤ ਵੱਜ ਰਹੀ ਹੋਵੇ, ਉਸੇ ਲੈਅ ਵਿੱਚ ਜੇਕਰ ਤੋੜਾ ਵਜਾਇਆ ਜਾਵੇ ਤਾਂ ਉਸਨੂੰ ਬਰਾਬਰ ਦਾ ਤੋੜਾ ਕਹਿੰਦੇ ਹਨ।

2. ਦੁਗੁਣ ਦਾ ਤੋੜਾ :— ਜਿਸ ਲੈਅ ਵਿੱਚ ਗਤ ਵੱਜ ਰਹੀ ਹੋਵੇ, ਉਸ ਤੋਂ ਦੁੱਗਣੀ ਲੈਅ ਵਿੱਚ ਤੋੜਾ ਵਜਾਇਆ ਜਾਵੇ ਤਾਂ ਉਸਨੂੰ ਦੁਗੁਣ ਦਾ ਤੋੜਾ ਕਹਿੰਦੇ ਹਨ। ਰਜ਼ਾਖਾਨੀ ਗਤ ਵਿੱਚ ਦੁਗੁਣ ਦੇ ਤੋੜੇ ਵਜਾਏ ਜਾਂਦੇ ਹਨ।

3. ਚੌਗੁਣ ਦਾ ਤੋੜਾ :— ਗਤ ਨਾਲੋਂ ਚੌਗੁਣੀ ਲੈਅ ਵਿੱਚ ਤੋੜਾ ਵਜਾਉਣ ਨੂੰ ਚੌਗੁਣ ਦਾ ਤੋੜਾ ਕਹਿੰਦੇ ਹਨ, ਭਾਵ ਕਿ ਤੋੜੇ ਦੀ ਲੈਅ ਗਤ ਨਾਲੋਂ ਚਾਰ ਗੁਣਾ ਤੇਜ ਹੁੰਦੀ ਹੈ। ਮਸੀਤਖਾਨੀ ਗਤ ਵਿੱਚ ਚੌਗੁਣ ਦੇ ਤੋੜੇ ਵਜਾਏ ਜਾਂਦੇ ਹਨ।

4. ਅੱਠ ਗੁਣ ਦਾ ਤੋੜਾ :— ਗਤ ਨਾਲੋਂ ਅੱਠ ਗੁਣਾ ਤੇਜ਼ ਲੈਅ ਵਿੱਚ ਤੋੜਾ ਵਜਾਉਣ ਨੂੰ ਅੱਠਗੁਣ ਦਾ ਤੋੜਾ ਕਹਿੰਦੇ ਹਨ, ਭਾਵ ਕਿ ਇੱਕ ਮਾਤਰਾ ਵਿੱਚ ਅੱਠ ਅੰਕ ਆਉਂਦੇ ਹਨ।

ਇਨ੍ਹਾਂ ਤੋਂ ਇਲਾਵਾ ਛੇ ਗੁਣ, ਸੱਤ ਗੁਣ ਆਦਿ ਲੈਅਕਾਰੀਆਂ ਦੇ ਤੋੜੇ ਵੀ ਵਜਾਏ ਜਾਂਦੇ ਹਨ। ਕੁਸ਼ਲ ਕਲਾਕਾਰ ਇੱਕ ਹੀ ਤੋੜੇ ਵਿੱਚ ਅਲੱਗ - ਅਲੱਗ ਲੈਅਕਾਰੀਆਂ ਦਿਖਾ ਕੇ ਵੀ ਤੋੜੇ ਵਜਾਉਂਦੇ ਹਨ, ਜਿਵੇਂ ਛੇ ਗੁਣ, ਸੱਤ ਗੁਣ, ਲੈਅਕਾਰੀ ਦਾ ਇਕੱਠਾ ਤੋੜਾ ਜਾਂ ਸੱਤ ਗੁਣ, ਅੱਠ ਗੁਣ ਦਾ ਇਕੱਠਾ ਤੋੜਾ। ਆਰੰਭ ਵਿੱਚ ਵਿਦਿਆਰਥੀਆਂ ਨੂੰ ਬਰਾਬਰ ਦੀ ਲੈਅ ਵਿੱਚ ਤੋੜੇ ਵਜਾ ਕੇ ਹੀ ਤੋੜਿਆ ਦਾ ਅਭਿਆਸ ਕਰਨਾ ਚਾਹੀਦਾ ਹੈ ਤਾਂ ਜੋ ਸੁਰਾਂ ਦਾ ਸਪਸ਼ਟ ਉਚਾਰਣ ਹੋ ਸਕੇ।

## ਪਾਠ - ਅਭਿਆਸ

### ਵਸਤੂਨਿਸ਼ਠ ਪ੍ਰਸ਼ਨ

1. ਸੰਗੀਤ ਦੇ ਅੰਗਾਂ ਦੇ ਨਾਂ ਦੱਸੋ ?
2. ਧੁਨੀ ਦੀ ਪਰਿਭਾਸ਼ਾ ਲਿਖੋ ?
3. ਤੋੜੇ ਕਦੋਂ ਵਜਾਏ ਜਾਂਦੇ ਹਨ ?
4. ਮਸੀਤਖਾਨੀ ਗਤ ਵਿੱਚ ਕਿਸ ਲੈਅਕਾਰੀ ਦੇ ਤੋੜੇ ਵਜਾਏ ਜਾਂਦੇ ਹਨ ?
5. ਸੰਗੀਤ ਵਿੱਚ ਸਮੇਂ ਨੂੰ ਮਾਪਣ ਦਾ ਸਾਧਨ ਕੀ ਹੈ ?
6. ਅਲੰਕਾਰ ਦਾ ਕੋਈ ਇੱਕ ਲਾਭ ਦੱਸੋ ?
7. ਝਾਲਾ ਕਿਹੜੇ ਸਾਜਾਂ ਤੇ ਵਜਾਇਆ ਜਾਂਦਾ ਹੈ ?

8. ਝਾਲਾ ਕਦੋਂ ਵਜਾਇਆ ਜਾਂਦਾ ਹੈ ?

9. ਝਾਲੇ ਦੀਆਂ ਕਿਸਮਾਂ ਦੇ ਨਾਂ ਦੱਸੋ ?

10. ਸੁਰਾਂ ਦੇ ਹੇਠਲੇ ਕ੍ਰਮ ਤੋਂ ਉਪਰਲੇ ਕ੍ਰਮ ਤੱਕ ਜਾਣ ਨੂੰ ਕੀ ਕਹਿੰਦੇ ਹਨ ?

11. ਰਾਗ ਦੇ ਖਾਸ ਸਵਰ ਸਮੂਹ ਨੂੰ ਕੀ ਕਹਿੰਦੇ ਹਨ ?

12. ਰਾਗ ਦਾ ਆਰੰਭ ਕਿੱਥੋਂ ਕੀਤਾ ਜਾਂਦਾ ਹੈ ?

ਅਧਿਆਪਕ ਲਈ

ਅਧਿਆਪਕ ਵਿਦਿਆਰਥੀਆਂ ਨੂੰ ਅਲੰਕਾਰ ਵਜਾਉਣੇ ਸਿਖਾਉਣ ਅਤੇ ਝਾਲੇ ਦੀਆਂ ਕਿਸਮਾਂ ਦੀ ਜਾਣਕਾਰੀ ਸਿਤਾਰ ਤੇ ਵਜਾ ਕੇ ਸਿਖਾਉਣ।

## ਪਾਠ - 2

## ਮਿਜ਼ਰਾਬ ਦੇ ਭਿੰਨ - ਭਿੰਨ ਬੋਲ - ਆਕਰਸ਼ਕ ਪ੍ਰਹਾਰ ਅਤੇ ਅਪਕਰਸ਼ ਪ੍ਰਹਾਰ

ਸਿਤਾਰ ਸਾਜ਼ ਨੂੰ ਵਜਾਉਣ ਲਈ ਇੱਕ ਤਿਕੋਣੀ ਅੰਗੂਠੀ ਨੁਮਾ ਯੰਤਰ ਦਾ ਪ੍ਰਯੋਗ ਕੀਤਾ ਜਾਂਦਾ ਹੈ, ਜਿਸਨੂੰ ਅਸੀਂ ਮਿਜ਼ਰਾਬ ਕਹਿੰਦੇ ਹਾਂ। ਇਹ ਲੋਹੇ ਜਾਂ ਪਿੱਤਲ ਦੇ ਮੋਟੇ ਤਾਰ ਦੀ ਬਣੀ ਹੋਈ ਅੰਗੂਠੀ ਦੀ ਤਰ੍ਹਾਂ ਹੁੰਦੀ ਹੈ। ਸਿਤਾਰ ਵਜਾਉਣ ਲਈ ਇਸਨੂੰ ਸੱਜੇ ਹੱਥ ਦੀ ਤਰਜਨੀ ਉਂਗਲੀ ਵਿੱਚ ਪਾਇਆ ਜਾਂਦਾ ਹੈ। ਮਿਜ਼ਰਾਬ ਦੇ ਅਗਲੇ ਤਿਕੋਣੇ ਹਿੱਸੇ ਦਾ ਪ੍ਰਯੋਗ ਤਾਰ ਦੇ ਉੱਪਰ ਪ੍ਰਹਾਰ ਕਰਨ ਲਈ ਕੀਤਾ ਜਾਂਦਾ ਹੈ। ਮਿਜ਼ਰਾਬ ਹਮੇਸ਼ਾ ਉਂਗਲੀ ਦੇ ਸਾਈਜ਼ ਦੇ ਹਿਸਾਬ ਤੇ ਹੀ ਪਹਿਨਣੀ ਚਾਹੀਦੀ ਹੈ। ਬਹੁਤੀ ਢਿੱਲੀ ਅਤੇ ਲੰਬੀ ਮਿਜ਼ਰਾਬ ਸਿਤਾਰ ਵਾਦਨ ਵਿੱਚ ਰੁਕਾਵਟ ਪਾਉਂਦੀ ਹੈ।

ਸਿਤਾਰ ਵਾਦਨ ਵਿੱਚ ਮਿਜ਼ਰਾਬ ਦੇ ਬੋਲਾਂ ਦਾ ਬਹੁਤ ਮਹੱਤਵ ਹੁੰਦਾ ਹੈ। ਮਿਜ਼ਰਾਬ ਦੇ ਪ੍ਰਹਾਰ ਨਾਲ ਹੀ ਸਿਤਾਰ ਤੇ ਧੁਨੀ ਪੈਦਾ ਹੁੰਦੀ ਹੈ, ਇਸ ਲਈ ਮਿਜ਼ਰਾਬ ਦਾ ਪ੍ਰਹਾਰ ਜ਼ੋਰਦਾਰ ਤਰੀਕੇ ਨਾਲ ਹੀ ਕਰਨਾ ਚਾਹੀਦਾ ਹੈ। ਇਸਦੇ ਨਾਲ ਹੀ ਪ੍ਰਹਾਰ ਕਰਦੇ ਸਮੇਂ ਸੁਰਾਂ ਦਾ ਵਾਦਨ ਸਪਸ਼ਟ ਸੁਣਾਈ ਦੇਣਾ ਚਾਹੀਦਾ ਹੈ। ਮਿਜ਼ਰਾਬ ਦਾ ਪ੍ਰਹਾਰ ਕਰਦੇ ਸਮੇਂ ਹੱਥ ਦੀਆਂ ਉਂਗਲਾਂ ਨੂੰ ਇਕੱਠੇ ਕਰਕੇ ਹੀ ਪ੍ਰਹਾਰ ਕਰਨਾ ਚਾਹੀਦਾ ਹੈ। ਸਿਤਾਰ ਤੇ ਮਿਜ਼ਰਾਬ ਨਾਲ ਦੋ ਤਰੀਕਿਆਂ ਨਾਲ ਪ੍ਰਹਾਰ ਕੀਤਾ ਜਾਂਦਾ ਹੈ :—

1. ਆਕਰਸ਼ ਪ੍ਰਹਾਰ
2. ਅਪਕਰਸ਼ ਪ੍ਰਹਾਰ

1. ਆਕਰਸ਼ ਪ੍ਰਹਾਰ :— ਮਿਜ਼ਰਾਬ ਦੁਆਰਾ ਬਾਹਰ ਤੋਂ ਅੰਦਰ ਵੱਲ ਕੀਤੇ ਗਏ ਪ੍ਰਹਾਰ ਨੂੰ ਆਕਰਸ਼ ਪ੍ਰਹਾਰ ਕਹਿੰਦੇ ਹਨ, ਅਰਥਾਤ ਜਦੋਂ ਮਿਜਰਾਬ ਨਾਲ ਤਾਰ ਉੱਪਰ ਸਿੱਧੀ ਚੋਟ ਲਗਾਈ ਜਾਂਦੀ ਹੈ ਤਾਂ ਉਸਨੂੰ ਆਕਰਸ਼ ਪ੍ਰਹਾਰ ਕਹਿੰਦੇ ਹਨ। ਇਸ ਨਾਲ 'ਦਾ' ਬੋਲ ਦੀ ਉਤਪੱਤੀ ਹੁੰਦੀ ਹੈ।

2. ਅਪਕਰਸ਼ ਪ੍ਰਹਾਰ :— ਮਿਜ਼ਰਾਬ ਦੁਆਰਾ ਅੰਦਰ ਤੋਂ ਬਾਹਰ ਵੱਲ ਕੀਤੇ ਗਏ ਪ੍ਰਹਾਰ ਨੂੰ ਅਪਕਰਸ਼ ਪ੍ਰਹਾਰ ਕਹਿੰਦੇ ਹਨ ਭਾਵ ਕਿ ਮਿਜ਼ਰਾਬ ਨਾਲ ਤਾਰ ਉੱਪਰ ਉਲਟੀ ਚੋਟ ਲਗਾਏ ਜਾਣ ਨੂੰ ਅਪਕਰਸ਼ ਪ੍ਰਹਾਰ ਕਹਿੰਦੇ ਹਨ। ਇਸ ਨਾਲ 'ਰਾ' ਬੋਲ ਦੀ ਉੱਤਪੱਤੀ ਹੁੰਦੀ ਹੈ। ਸਿਤਾਰ ਉੱਪਰ ਆਕਰਸ਼ ਅਤੇ ਅਪਕਰਸ਼ ਪ੍ਰਹਾਰ ਦੀ ਮਦਦ ਨਾਲ 'ਦਾ' ਅਤੇ 'ਰਾ' ਬੋਲਾਂ ਦੁਆਰਾ ਹੋਰ ਕਈ ਪ੍ਰਕਾਰ ਦੇ ਬੋਲ ਵਜਾਏ ਜਾਂਦੇ ਹਨ, ਇਨ੍ਹਾਂ ਦਾ ਵਰਣਨ ਇਸ ਪ੍ਰਕਾਰ ਹੈ :—

ਦਿਰ :— 'ਦਾ' ਅਤੇ 'ਰਾ' ਬੋਲ ਨੂੰ ਇਕੱਠੇ ਵਜਾਉਣ ਨਾਲ 'ਦਿਰ' ਬੋਲ ਦੀ ਉਤਪੱਤੀ ਹੁੰਦੀ ਹੈ।

ਦ੍ਰਾ :— 'ਦਾ' ਬੋਲ ਨੂੰ ਜਲਦੀ ਅਤੇ 'ਰਾ' ਬੋਲ ਨੂੰ ਪੂਰੇ ਜ਼ੋਰ ਨਾਲ ਵਜਾਉਣ ਤੇ 'ਦ੍ਰਾ' ਬੋਲ ਦੀ ਉਤਪੱਤੀ ਹੁੰਦੀ ਹੈ।

ਰਦਾ :— ਇਸ ਵਿੱਚ 'ਰਾ' ਬੋਲ ਨੂੰ ਘੱਟ ਸਮੇਂ ਲਈ ਤੇ 'ਦਾ' ਬੋਲ ਨੂੰ ਪੂਰਾ ਜ਼ੋਰ ਨਾਲ ਵਜਾਉਣ ਤੇ ਰਦਾ ਬੋਲ ਦੀ ਉਤਪੱਤੀ ਹੁੰਦੀ ਹੈ।

ਦਾਰ :— 'ਦਾ' ਬੋਲ ਇੱਕ ਮਾਤਰਾ ਵਿੱਚ ਤੇ 'ਰਾ' ਬੋਲ ਅੱਧੀ ਮਾਤਰਾ ਵਿੱਚ ਵਜਾਉਣ ਤੇ 'ਦਾਰ' ਬੋਲ ਵਜਾਇਆ ਜਾਂਦਾ ਹੈ। ਇਹ ਬੋਲ ਡੇਢ ਮਾਤਰਾ ਵਿੱਚ ਵੱਜਦਾ ਹੈ।

ਵਿਦਿਆਰਥੀਆਂ ਨੂੰ ਪਹਿਲਾਂ 'ਦਾ' ਅਤੇ 'ਰਾ' ਬੋਲ ਵਜਾਉਣ ਦਾ ਅਭਿਆਸ ਕਰਨਾ ਚਾਹੀਦਾ ਹੈ। ਇਸ ਤੋਂ ਬਾਅਦ ਹੀ ਬਾਕੀ ਬੋਲਾਂ ਨੂੰ ਵਜਾਉਣਾ ਸਿੱਖਣਾ ਚਾਹੀਦਾ ਹੈ।

## ਪਾਠ - ਅਭਿਆਸ

ਵਸਤੂਨਿਸ਼ਠ ਪ੍ਰਸ਼ਨ

1. ਸਿਤਾਰ ਨੂੰ ਕਿਸ ਚੀਜ਼ ਨਾਲ ਵਜਾਇਆ ਜਾਂਦਾ ਹੈ ?
2. ਮਿਜਰਾਬ ਕਿਸ ਉਂਗਲ ਵਿੱਚ ਪਹਿਨੀ ਜਾਂਦੀ ਹੈ ?
3. ਸਿਤਾਰ ਤੇ ਕਿਹੜਾ - 2 ਪ੍ਰਹਾਰ ਕੀਤਾ ਜਾਂਦ ਹੈ ?
4. ਸਿਤਾਰ ਤੇ ਮਿਜ਼ਰਾਬ ਦੇ ਸਿੱਧੇ ਪ੍ਰਹਾਰ ਨੂੰ ਕੀ ਕਹਿੰਦੇ ਹਨ ?
5. 'ਦਿਰ' ਬੋਲ ਕਿਵੇਂ ਵਜਾਇਆ ਜਾਂਦਾ ਹੈ ?
6. 'ਦਾਰ' ਬੋਲ ਕਿੰਨੀ ਮਾਤਰਾ ਵਿੱਚ ਵੱਜਦਾ ਹੈ?

ਅਧਿਆਪਕ ਲਈ

| |
|---|
| ਅਧਿਆਪਕ ਵਿਦਿਆਰਥੀ ਨੂੰ ਸਿਤਾਰ ਉੱਪਰ ਆਕਰਸ਼ ਅਤੇ ਅਪਕਰਸ਼ ਪ੍ਰਹਾਰ ਵਜਾ ਕੇ ਦਿਖਾਏ। |

# ਪਾਠ - 3

## ਵਾਦੀ ਸਵਰ, ਸੰਵਾਦੀ ਸਵਰ, ਅਨੁਵਾਦੀ ਸਵਰ, ਵਿਵਾਦੀ ਸਵਰ, ਵਰਜਿਤ ਸਵਰ

ਜਿਸ ਪ੍ਰਕਾਰ ਰਾਜ ਵਿੱਚ ਰਾਜਾ, ਮੰਤਰੀ, ਪ੍ਰਜਾ, ਸਤਰੂ ਅਤੇ ਸਕੂਲ ਵਿੱਚ ਪ੍ਰਿੰਸੀਪਲ, ਵਾਇਸ ਪ੍ਰਿੰਸੀਪਲ, ਅਧਿਆਪਕ ਅਤੇ ਮੁੱਖ ਮਹਿਮਾਨ ਦੀ ਭੂਮਿਕਾ ਹੁੰਦੀ ਹੈ ਉਸੀ ਪ੍ਰਕਾਰ ਰਾਗ ਵਿੱਚ ਵਾਦੀ ਸਵਰ, ਸੰਵਾਦੀ ਸਵਰ, ਅਨੁਵਾਦੀ ਸਵਰ, ਵਿਵਾਦੀ ਸਵਰ ਆਪਣੀ ਮੁੱਖ ਭੂਮਿਕਾ ਨਿਭਾਉਂਦੇ ਹਨ।

ਰਾਗ ਵਿੱਚ 4 ਪ੍ਰਕਾਰ ਦੇ ਸਵਰ ਹੁੰਦੇ ਹਨ। ਰਾਗ ਦਾ ਸਾਰਾ ਸਵਰੂਪ ਉਹਨਾਂ ਤੇ ਨਿਰਭਰ ਕਰਦਾ ਹੈ। ਸੰਵਾਦੀ ਸਵਰ ਰਾਜਾ ਜਾਂ ਕਹਿ ਲਈ ਕੀ ਮੁੱਖ ਅਧਿਆਪਕ ਦੇ ਰੋਲ ਅਦਾ ਕਰਦਾ ਹੈ ਜਿਹਨਾ ਤੇ ਸਾਰਾ ਰਾਜ ਦਾ ਅਤੇ ਸਕੂਲ ਦਾਰਮਦਾਰ ਟਿਕਿਆ ਹੋਇਆ ਹੁੰਦਾ ਹੈ ਉਸੇ ਪ੍ਰਕਾਰ ਇੱਕ ਰਾਗ ਵਿਚ ਵਾਦੀ ਸਵਰ ਬਹੁਤ ਵੱਡਾ ਰੋਲ ਅਦਾ ਕਰਦਾ ਹੈ ਇਸ ਵਰਤੋਂ ਰਾਗ ਵਿੱਚ ਬਾਰ - ਬਾਰ ਹੁੰਦੀ ਹੈ। ਇਹ ਰਾਗ ਦਾ ਸਭ ਵੱਧ ਮਹੱਤਵ ਸਵਰ ਹੁੰਦਾ ਹੈ। ਵਾਦੀ ਸਵਰ ਤੋਂ ਬਾਅਦ ਜਿਹੜਾ ਜਿਆਰਾ ਵਰਤੋਂ ਵਿੱਚ ਆਉਂਦਾ ਹੈ ਸੰਵਾਦੀ ਸੁਰ ਇਸ ਨੂੰ ਅਸੀ ਮੰਤਰੀ ਜਾਂ ਵਾਇਸ ਪ੍ਰਿੰਸੀਪਲ ਵੀ ਕਹਿ ਸਕਦੇ ਹਾਂ ਕਿਉਂਕਿ ਰਾਗ ਵਿੱਚ ਇਹ ਸਵਰ ਮੰਤਰੀ ਜਾ ਵਾਇਸ ਪ੍ਰਿੰਸੀਪਲ ਵਾਗ ਜੁਮੇਵਾਰੀ ਨਿਭਾਉਂਦੇ ਹਨ। ਇਹ ਸਵਰ ਵਾਦੀ ਤੋਂ ਘਟ ਪਰ ਬਾਕੀ ਦੂਜੇ ਸਵਰਾਂ ਤੋਂ ਵੱਧ ਪ੍ਰਯੋਗ ਵਿੱਚ ਆਉਂਦਾ ਹੈ। ਰਾਗ ਵਿੱਚ ਲਗਣ ਵਾਲੇ ਤੀਜੇ ਸਵਰ ਨੂੰ ਅਨੁਵਾਦੀ ਸਵਰ ਕਿਹਾ ਜਾਂਦਾ ਹੈ। ਰਾਗ ਵਿੱਚ ਵਾਦੀ ਸੰਵਾਦੀ ਸਵਰਾਂਤੋਂ ਬਾਕੀ ਜਿਹੜੇ ਸਵਰ ਰਾਗ ਵਿੱਚ ਲਗਦੇ ਹਨ ਉਹ ਅਨੁਵਾਦੀ ਸਵਰ ਕਹਾਉਂਦੇ ਹਨ। ਇਸ ਨੂੰ ਅਸੀਂ ਸਕੂਲ ਵਿੱਚ ਅਧਿਆਪਕਾ ਜਾਂ ਰਾਜ ਵਿੱਚ ਪ੍ਰਜਾ ਦੀ ਤਰ੍ਹਾਂ ਸਹਾਇਤਾ ਕਰਨ ਵਾਲੇ ਕਹਿ ਸਕਦੇ ਹਨ। ਚੌਥਾਂ ਸਵਰ ਵਿਵਾਦੀ ਕਹਾਉਂਦਾ ਹੈ। ਇਸ ਸਵਰ ਨੂੰ ਦੁਸ਼ਮਣ ਜਾਂ ਸਤਰੂ ਦੇ ਨਾਂ ਨਾਲ ਵੀ ਜਾਣਿਆ ਜਾਂਦਾ ਹੈ । ਪਰ ਜੇ ਰਾਗ ਵਿੱਚ ਇਸ ਦਾ ਪ੍ਰਯੋਗ ਘਟ ਅਤੇ ਸੂਝਬੂਝ ਨਾਲ ਹੋਵੇਗਾ ਤਾਂ ਇਹ ਦੁਸ਼ਮਣ ਨਹੀਂ ਅਧਿੱਤੂ ਸਹਾਇਕ ਦੇ ਰੂਪ ਵਿੱਚ ਬਹੁਤ ਵੱਡਾ ਯੋਗਦਾਨ ਪਾਣ ਵਿੱਚ ਸਹਾਇਕ ਹੋਵੇਗਾ ਅਚਾਰੀਆਂ ਬ੍ਰਹਿਸਪਤੀ ੀ ਦੇ ਅਨੁਸਾਰ," ਵਾਦੀ, ਸੰਵਾਧੀ, ਵਿਵਾਦੀ ਅਤੇ ਅਨੁਵਾਦੀ ਕਿਸੇ ਵੀ ਧੁਨ, ਰਾਗ ਜਾਂ ਜਾਤੀ ਵਿੱਚ ਪ੍ਰਯੁਕਤ ਵਿਭਿੰਨ ਸਵਰ ਇਹਨਾਂ ਚਾਰ ਸ਼੍ਰੇਣੀਆਂ ਵਿੱਚ ਵੰਡੇ ਜਾਣ ਤੇ ਰੰਜਕਤਾ ਪੈਦਾ ਕਰ ਸਕਦੇ ਹਨ।

## ਵਾਦੀ ਸਵਰ

ਰਾਗ ਵਿੱਚ ਲਗਣ ਵਾਲੇ ਸਵਰਾਂ ਦਾ ਪ੍ਰਯੋਗ ਵੱਖ - ਵੱਖ ਹੁੰਦਾ ਹੈ। ਯੋਜਨਾ ਅਨੁਸਾਰ ਕਿਸੇ ਸਵਰ ਦਾ ਪ੍ਰਯੋਗ ਘੱਟ ਜਾਂ ਵੱਧ ਹੋ ਸਕਦਾ ਹੈ ਜੋ ਰਾਗ ਵਿੱਚ ਸੁੰਦਰਤਾ ਵਧਾਉਣ ਲਈ ਜ਼ਰੂਰੀ ਹੁੰਦਾ ਹੈ। ਰਾਗ ਵਿੱਚ ਜਿਸ ਸਵਰ ਦਾ ਪ੍ਰਯੋਗ ਵੱਧ ਤੋਂ ਵੱਧ ਕੀਤਾ ਜਾਂਦਾ ਹੈ ਸਵਰ ਨੂੰ ਰਾਗ ਦਾ ਵਾਦੀ ਸਵਰ ਕਿਹਾ ਜਾਂਦਾ ਹੈ। ਸਾਰੇ ਰਾਗ ਪ੍ਰਦਰਸ਼ਨ ਸਮੇਂ ਇਹ ਸਵਰ ਆਪਣੀ ਹੋਂਦ ਬਣਾਈ ਰਖਦਾ ਹੈ। ਇਸ ਨੂੰ ਰਾਗ ਦਾ ਪ੍ਰਾਣ ਸਵਰ ਵੀ ਕਿਹਾ ਜਾ ਸਕਦਾ ਹੈ ਜਾਂ ਜਿਆਦਾ ਬੋਲਣ ਵਾਲੇ ਸਵਰਾਂ ਨੂੰ ਹੀ ਵਾਦੀ ਸਵਰ ਕਿਹਾ ਜਾ ਸਕਦਾ ਹੈ। ਅਨੇਕਾਂ ਸੰਗੀਤਕਾਰ ਨੇ ਇਸ ਦੀਆਂ ਕਈ ਪਰਿਭਾਸ਼ਾਵਾਂ ਦਿੱਤੀਆ ਹਨ। ਪੰ. ਭਾ ਖੰਡੇ ਜੀ ਅਨੁਸਾਰ ਜੋ ਸੁਰ ਰਾਗ ਨੂੰ ਵਧੇਰੇ ਉਜਾਗਰ ਕਰੇ ਉਸ ਨੂੰ ਵਾਦੀ ਸਵਰ

ਕਹਿੰਦੇ ਹਨ।

ਰਾਗ ਵਿੱਚ ਜਿਸ ਸਵਰ ਦਾ ਬਾਰ - ਬਾਰ ਪ੍ਰਯੋਗ ਹੋਵੇ ਜਾਂ ਉਸ ਤੇ ਠਹਿਰਾਓ ਜਿਆਦਾ ਕੀਤਾ ਜਾਂਦਾ ਹੈ ਉਸ ਨੂੰ 'ਵਾਦੀ ਸਵਰ' ਕਹਿੰਦੇ ਹਨ। ਪ੍ਰਾਚੀਨ ਰਾਗ ਸਪੱਤੀ ਅਨੁਸਾਰ ਇਸ ਸਵਰ ਨੂੰ 'ਅੰਸ਼' ਸਵਰ ਕਿਹਾ ਜਾਂਦਾ ਸੀ ਜੋ ਸਵਰ ਰਾਗ ਵਿੱਚ ਦੂਜੇ ਸਵਰਾਂ ਵੀ ਬਜਾਏ ਜਿਆਦਾ ਵਰਤਿਆ ਜਾਵੇ ਜਾਂ ਜਿਸ ਨਾਲ ਰਾਗ ਦਾ ਸਵਰੂਪ ਪੂਰੀ ਤਰਾਂ ਪ੍ਰਗਟ ਹੋਵੇ ਉਸ ਨੂੰ ਵਾਦੀ ਸਵਰ ਕਿਹਾ ਜਾਂਦਾ ਹੈ। ਇਸ ਸਵਰ ਤੇ ਰਾਗ ਦੀ ਸਾਰੀ ਸੁੰਦਰਤਾ ਅਤੇ ਸੋਭਾ ਟਿੱਕੀ ਹੁੰਦੀ ਹੈ। ਭਰਤ ਮੁੰਨੀ ਅਨੁਸਾਰ," ਰਾਗ ਵਿੱਚ ਵਾਦੀ ਸਵਰ ਦੀ ਪ੍ਰਧਾਨਤਾ ਹੋਣ ਕਾਰਣ ਜਾਂ ਜ਼ਿਆਦਾ ਠਹਿਰਾਵ ਕਰਕੇ ਰਾਗ ਉਸੀ ਸਵਰ ਤੋਂ ਸ਼ੁਰੂ ਅਤੇ ਖਤਮ ਕਰਨ ਰਾਗ ਦੇ ਮੁੱਖ ਹਿੱਸਿਆ ਵਿੱਚ ਉਸ ਨੂੰ ਬਾਰ - ਬਾਰ ਵੱਖ - ਵੱਖ ਢੰਗਾਂ ਨਾਲ ਵਿਖਾਉਣ ਨਾਲ ਇਹ ਸਵਰ ਮੁੱਖ ਭੂ ਮਿਕਾ ਨਿਭਾਉਂਦਾ ਹੈ।

ਜੇ ਦੋ ਰਾਗ ਆਪਸ ਵਿੱਚ ਸਮਾਨ ਹੋਣ ਪਰ ਵਾਦੀ ਸੰਵਾਦੀ ਸਵਰ ਭਿੰਨ ਹੋਣ ਨਾਲ ਰਾਗ ਵੀ ਭਿੰਨ ਹੋ ਜਾਂਦੇ ਹਨ। ਰਾਗ ਭੁਪਾਲੀ ਅਤੇ ਦੇਸ਼ਕਾਰ, ਰਾਗ ਭੈਰ ਅਤੇ ਕਲਿੰਗੜਾ ਆਪਣੇ ਵਾਦੀ ਸੰਵਾਦੀ ਸਵਰ ਵਧੇਰੇ ਹੋਣ ਦੇ ਬਾਵਜੁਦ ਅਸਮਾਨ ਹੋ ਜਾਂਦੇ ਹਨ। ਵਾਦੀ ਸਵਰ ਨਾਲ ਰਾਗ ਦੇ ਗਾਉਣ ਵਜਾਉਣੇ ਦਾ ਸਮਾਂ ਵੀ ਨਿਰਧਾਰਿਤ ਹੋ ਜਾਂਦਾ ਹੈ। ਜੇ ਰਾਗ ਦਾ ਵਾਦੀ ਸਵਰ ਦੋ ਹਿੱਸੇ ਉਤਰਾਗ ਅਤੇ ਪਰਵਾਂਗ ਹੁੰਦੇ ਹਨ। ਪੁਰਵਾਗ ਹਿੱਸੇ ਸ ਰੇ ਗਾ ਮ ਵਿੱਚ ਆਉਂਦਾ ਹੈ ਤਾਂ ਉਸ ਰਾਗ ਦਾ ਸਮਾਂ ਦਿਨ ਤੇ 12 ਵਜੇ ਤੇ ਰਾਤ ਦੇ 12 ਵਜੇ ਤਕ ਗਾਇਆ ਵਜਾਇਆ ਜਾਵੇਗਾ। ਇਸੇ ਤਰ੍ਹਾਂ ਜੇ ਰਾਗ ਦਾ ਵਾਦੀ ਸਵਰ ਉਤਰਾਂਗ ਹਿੱਸੇ ਭਾਵ ਪ ਧ ਨੀ ਸਂ ਵਿੱਚ ਹੋਵੇ ਤਾਂ ਉਹ ਰਾਗ ਰਾਤ ਦੇ 12 ਵਜੇ ਤੋਂ ਸਵੇਰੇ 12 ਵਜੇ ਤੱਕ ਗਾਇਆ ਵਜਾਇਆ ਜਾਵੇਗਾ।

## ਸੰਵਾਦੀ ਸਵਰ

ਜਿਸ ਪ੍ਰਕਾਰ ਰਾਜੇ ਦੀ ਮਦਦ ਲਈ ਮੰਤਰੀ ਦੀ ਜਰੂਰਤ ਪੈਂਦੀ ਹੈ ਉਸੀ ਪ੍ਰਕਾਰ ਰਾਗ ਵਿੱਚ ਸੰਵਾਦੀ ਸਵਰ ਦੀ ਜ਼ਰੂਰਤ ਹੁੰਦੀ ਹੈ। ਇਸੇ ਤਰਾਂ ਸਕੂਲ ਵਿਚ ਪ੍ਰਿੰਸੀਪਲ ਤੋਂ ਬਾਅਦ ਵਾਇਸ ਪ੍ਰਿੰਸੀਪਲ ਦੀ ਅਹਿਮੀਅਤ ਹੁੰਦੀ ਹੈ। ਸੰਵਾਦੀ ਸਵਰ ਵਾਦੀ ਸਵਰ ਨੂੰ ਛੱਡ ਕੇ ਬਾਕੀ ਰਾਗ ਵਿੱਚ ਲਗਣ ਵਾਲੇ ਸਾਰੇ ਸਵਰਾਂ ਤੋਂ ਜਿਆਦਾ ਮਹੱਤਵ ਰਖਦਾ ਹੈ। ਵਾਦੀ ਸੰਵਾਦੀ ਸਵਰ ਦੋਵੇਂ ਗਾਏ ਜਾਂ ਵਜਾਏ ਜਾਣ ਤਾਂ ਰੰਜਕਤਾ ਪੈਦਾ ਹੁੰਦੀ ਹੈ।

ਵਾਦੀ ਸੰਵਾਦੀ ਸਵਰ ਵਿੱਚ ਘੱਟ ਤੋਂ ਘੱਟ ਚਾਰ ਅਤੇ ਵੱਧ ਤੋਂ ਵੱਧ ਪੰਜ ਸਵਰਾਂ ਦਾ ਫਰਕ ਹੁੰਦਾ ਹੈ। ਜੇ ਵਾਦੀ ਸਵਰ 'ਸ' ਹੈ ਤਾਂ ਸੰਵਾਦੀ 'ਪ' ਹੋਵੇਗਾ। ਇਹ ਸੰਵਾਦ ਇਸ ਤਰ੍ਹਾਂ ਹੋਣਗੇ :- ਸ - ਮ, ਸ - ਪ, ਗ - ਧ, ਰ - ਪ।

ਜੇ ਕਿਸੇ ਰਾਗ ਵਿੱਚ ਪ ਸਵਰ ਵਰਜਿਤ ਹੈ ਤਾਂ ਵਾਦੀ ਤੋਂ ਚੋਥਾ ਸਵਰ ਸੰਵਾਦੀ ਭਾਮ 'ਮ' ਹੋਵੇਗਾ ਆਚਾਰਿਆ ਬ੍ਰਹਸਪਤੀ ਜੀ ਦੇ ਅਨੁਸਾਰ :- ਕਿਸੇ ਵੀ ਇਕ ਸਵਰ ਦੇ ਵਾਦੀ ਹੋਣ ਤੇ ਸੰਵਾਦੀ ਆਪਣੇ ਆਪ ਹੀ ਮਿਲ ਜਾਏਗਾ। ਇਸ ਦੇ ਨਾਲ ਹੀ ਰਾਗ ਦੀ ਸਾਰੀ ਸੁੰਦਰਤਾ ਵੀ ਖਿਲ ਜਾਂਦੀ ਹੈ।

ਜੇ ਇਹ ਕਹਿ ਲਈਏ ਕਿ ਰਾਗ ਦੇ ਸੁਰ ਵਿਸਥਾਰ ਨੂੰ ਸਹੀ ਰਖਣ ਲਈ ਵਾਦੀ ਸੰਵਾਦੀ ਦੀ ਸਥਾਪਨਾ ਕੀਤੀ ਜਾਂਦੀ ਹੈ ਤਾਂ ਗਲਤ ਨਹੀ ਹੋਵੇਗਾ ਸਪਤਕ ਦੇ ਪੂਰਵਾਂਗ ਭਾਗ ਵਿੱਚ ਜੇ ਵਾਦੀ ਸੁਰ ਹੈ ਤਾਂ ਉਤਰਾਂਗ ਭਾਗ ਵਿੱਚ ਉਸ

ਦਾ ਸੰਵਾਦੀ ਸਵਰ ਵਿਦਮਾਨ ਹੋਵੇਗਾ ਜਿਵੇਂ ਰਾਗ ਭੈਰਵ ਦਾ ਵਾਦੀ ਸੁਰ ਧੁ ਹੈ ਜੋ ਉਤਰਾਂਗ ਵਿਚ ਹੈ ਅਤੇ ਇਸ ਦਾ ਸੰਵਾਦੀ ਰੇ ਹੈ ਜੋ ਪੁਰਵਾਂਗ ਵਿੱਚ ਹੈ। ਇਸੇ ਤਰ੍ਹਾਂ ਭੁਪਾਲੀ ਰਾਗ ਦਾ ਵਾਦੀ ਸਵਰ ਗ ਹੈ ਜੋ ਪੁਰਵਾਂਗ ਵਿੱਚ ਹੈ ਅਤੇ ਸੰਵਾਦੀ ਸਵਰ ਧ ਹੈ ਜੋ ਉਤਰਾਂਗ ਵਿੱਚ ਹੈ।

## ਅਨੁਵਾਦੀ ਸਵਰ

ਇਹ ਸ਼ਬਦ ਅਨੁ + ਵਾਦੀ ਦੇ ਮੇਲ ਤੋਂ ਬਣਿਆ ਹੈ। ਜੋ ਸਵਰ ਵਾਦੀ ਸੁਰ ਦਾ ਅਨੁਸਰਣ ਕਰਦਾ ਹੈ ਅਨੁਵਾਦੀ ਸਵਰ ਅਖਵਾਉਂਦਾ ਹੈ।

ਰਾਗ ਰੁਪੀ ਰਾਜ ਵਿੱਚ ਜੇ ਵਾਦੀ ਸਵਰ ਰਾਜਾ, ਸੰਵਾਦੀ ਸਵਰ ਮੰਤਰੀ ਦੀ ਭੁਮਿਕਾ ਨਿਭਾਉਂਦੇ ਹਨ ਤਾਂ ਪ੍ਰਜਾ ਅਨੁਵਾਦੀ ਸਵਰ ਨੂੰ ਕਿਹਾ ਜਾ ਸਕਦਾ ਹੈ। ਦੂਜੇ ਅਖਰਾਂ ਵਿੱਚ ਵਾਦੀ ਸੁਰ ਪ੍ਰਿੰਸੀਪਲ, ਸੰਵਾਦੀ ਸਵਰ ਵਾਇਸ ਪ੍ਰਿੰਸੀਪਲ ਅਤੇ ਅਨੁਵਾਦੀ ਸਵਰ ਸਕੂਲ ਵਿੱਚ ਦੂਜੇ ਅਧਿਆਪਕਾਂ ਦਾ ਰੋਲ ਅਦਾ ਕਰਦੇ ਹਨ। ਹਰ ਇਕ ਇਕ ਦੂਜੇ ਨਾਲ ਜੁੜੇ ਹੋਏ ਹਨ ਅਤੇ ਆਪਣਾ - ਆਪਣਾ ਕੰਮ ਬਾਖੁਬੀ ਨਾਲ ਨਿਭਾਉਂਦੇ ਹਨ।

**ਸ਼ਾਸਤਰਕਾਰਾਂ ਦੇ ਅਨੁਸਾਰ :-**

''ਵਾਦੀ ਸੰਵਾਦੀ ਸਵਰ ਨੂੰ ਛੱਡ ਕੇ ਬਾਕੀ ਬਚੇ ਸਵਰ ਨੂੰ ਅਨੁਵਾਦੀ ਸਵਰ ਕਿਹਾ ਜਾਂਦਾ ਹੈ।''

ਜਿਥੇ ਵਾਦੀ ਸੰਵਾਦੀ ਸਵਰ ਰਾਗ ਵਿੱਚ ਆਪਣੀ ਮਹੱਤਵ ਪੂਰਣ ਭੂਮਿਕਾ ਨਿਭਾਉਂਦੇ ਹਨ, ਉਥੇ ਅਨੁਵਾਦੀ ਸਵਰਾਂ ਬਿਨਾਂ ਰਾਗ ਦੀ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ ਰਾਗ ਦੀ ਰੂਪ ਰੇਖਾ, ਸਪਸ਼ਟੀਕਰਣ ਅਤੇ ਸੁੰਦਰਤਾ ਅਨੁਵਾਦੀ ਸਵਰਾਂ ਤੇ ਨਿਰਭਰ ਕਰਦਾ ਹੈ ਇਹ ਸਵਰ ਰਾਗ ਦੀ ਸ਼ੋਭਾ ਨਿਭਾਉਂਦੇ ਹਨ।

ਰਾਗ ਭੁਪਾਲੀ ਵਿੱਚ ਗ ਵਾਦੀ ਧ ਸੰਵਾਦੀ ਹਨ ਅਤੇ ਸ ਰੇ ਪ ਅਨੁਵਾਦੀ ਸਵਰ ਹਨ। ਇਹ ਸਵਰ ਰਾਗ ਦੀ ਸੁੰਦਰਤਾ ਨੂੰ ਉਜਾਗਰ ਕਰਦੇ ਹਨ ਅਤੇ ਰਾਗ ਨੂੰ ਸਹੀ ਸਰੂਪ ਦਿੰਦੇ ਹਨ।

## ਵਿਵਾਦੀ ਸਵਰ

ਉਹ ਸਵਰ ਜਿਹੜੇ ਰਾਗ ਵਿੱਚ ਨਹੀਂ ਵਰਤੇ ਜਾਂਦੇ ਉਹਨਾਂ ਨੂੰ ਵਿਵਾਦੀ ਸਵਰ ਕਿਹਾ ਜਾਂਦਾ ਹੈ। ਸਵਰਾਂ ਦਾ ਆਪਸੀ ਤਾਲਮੇਲ ਨਾਲ ਰਸ ਦੀ ਉਤਪੱਤੀ ਹੁੰਦੀ ਹੈ ਅਤੇ ਕੰਨਾਂ ਨੂੰ ਮਧੁਰ ਲਗਦੀ ਹੈ। ਵਿਵਾਦੀ ਸਵਰਾਂ ਦਾ ਵਿਸੇਸ਼ ਪ੍ਰਯੋਗ ਨਾਲ ਸੁੰਦਰਤਾ ਉਪਤਨ ਕੀਤੀ ਜਾਂਦੀ ਹੈ। ਪਰ ਇਸ ਵਿੱਚ ਵਿਸ਼ੇਸ਼ ਕੁਸ਼ਲਤਾ ਦੀ ਜ਼ਰੂਰਤ ਹੁੰਦੀ ਹੈ। ਥੋੜੀ ਜਿਹੀ ਅਸਾਵਧਾਨੀ ਰਾਗ ਦੇ ਸਵਰੂਪ ਨੂੰ ਵਿਗਾੜ ਕੇ ਰਖ ਸਕਦੀ ਹੈ। ਥੋੜੀ ਅਤੇ ਸਾਵਧਾਨੀ ਨਾਲ ਪ੍ਰਯੋਗ ਕਰਨ ਤੇ ਰਾਗ ਵਿੱਚ ਵਿਸ਼ੇਸ਼ ਆਕਰਸ਼ਕ ਪੈਦਾ ਹੁੰਦਾ ਹੈ। ਇਸ ਦਾ ਪ੍ਰਯੋਗ ਬਾਰ -ਬਾਰ ਨਾ ਕਰਕੇ ਸੁਕਸ਼ਮ ਰੂਪ ਹੀ ਰਾਗ ਦੀ ਸ਼ੋਭਾ ਨੂੰ ਚਾਰ ਚੰਦ ਲਗਾਉਣ ਵਿੱਚ ਕਾਰਗਾਰ ਸਿੱਧ ਹੁੰਦੇ ਹਨ। ਜਿਸ ਤਰ੍ਹਾਂ ਬਿਹਾਗ ਵਿੱਚ ਤੀਵਰ ਮੇ ਦਾ ਪ੍ਰਯੋਗ ਅਜਕਲ ਵਿਵਾਦੀ ਸਵਰ ਦੇ ਰੂਪ ਵਿੱਚ ਹੋ ਰਿਹਾ ਹੈ।

ਇਸ ਸਵਰ ਨੂੰ ਦੁਸ਼ਮਣ ਦੀ ਉਪਮਾ ਵੀ ਦਿੱਤੀ ਜਾਂਦੀ ਹੈ। ਰਾਗ ਭੈਰਵ ਵਿੱਚ ਸ਼ੁੱਧ ਰੇ, ਗ ਦੀ ਵਰਤੋਂ ਸੁੰਦਰਤਾ ਵਧਾਉਣ ਲਈ ਕੀਤੀ ਜਾਂਦੀ ਹੈ।

ਕੁਸ਼ਲਤਾਪੂਰਵਕ ਜੇ ਰਾਗ ਦੀ ਰੰਜਕਤਾ ਵਧਦੀ ਹੋਵੇ ਤਾਂ ਇਸ ਸਵਰ ਦਾ ਪ੍ਰਯੋਗ ਉਚਿਤ ਮੰਨਿਆ ਜਾਂਦਾ ਹੈ।

**ਰਾਗ ਵਿਬੋਧ ਅਨੁਸਾਰ :-**

"ਵਰਜਿਤ ਸਵਰ ਉਹਨਾਂ ਗੀਤਾ ਵਿੱਚ ਸੁੰਦਰਤਾ ਨੂੰ ਖਤਮ ਨਹੀ ਕਰਦਾ ਪਰ ਥੋੜਾ ਜਿਹਾ ਜਾਂ ਕਣ ਰੂਪ ਵਿੱਚ ਉਸ ਸਵਰ ਨੂੰ ਜਲਦੀ ਹੀ ਲਿਆ ਜਾਵੇ।"

## ਵਰਜਿਤ

ਜਿਹੜੇ ਸਵਰਾਂ ਦਾ ਪ੍ਰਯੋਗ ਰਾਗ ਵਿੱਚ ਬਿਲਕੁਲ ਹੀ ਨਹੀਂ ਹੁੰਦਾ ਉਸ ਨੂੰ ਵਰਜਿਤ ਸੁਰ ਕਿਹਾ ਜਾਂਦਾ ਹੈ। ਇਹਨਾਂ ਸਵਰਾਂ ਦੇ ਨਾਲ ਹੀ ਰਾਗ ਦੀ ਜਾਤੀ ਨਿਰਧਾਰਿਤ ਹੁੰਦੀ ਹੈ। ਰਾਗ ਵਿੱਚ ਵੱਧ ਤੋਂ ਵੱਧ 7 ਅਤੇ ਘੱਟ ਤੋਂ ਘੱਟ 5 ਸਵਰ ਹੋਣੇ ਜ਼ਰੂਰੀ ਹੈ।

ਇਸ ਤੋਂ ਸਿੱਧ ਹੁੰਦਾ ਹੈ ਕਿ ਦੋ ਸਵਰਾਂ ਤੋਂ ਜਿਆਦਾ ਸਵਰ ਰਾਗ ਵਿੱਚ ਵਰਜਿਤ ਨਹੀਂ ਹੋ ਸਕਦੇ। ਕੁਝ ਸਵਰ ਅਰੋਹ ਅਤੇ ਕੁਝ ਅਵਰੋਹ ਵਿੱਚ ਪ੍ਰਯੋਗ ਨਹੀਂ ਹੁੰਦੇ। ਜਿਸ ਨਾਲ ਰਾਗ ਦੀ ਜਾਤੀ ਬਣਦੀ ਹੈ। ਰਾਗ ਭੁਪਾਲੀ ਵਿੱਚ ਮ ਨੀ ਵਰਜਿਤ ਸੁਰ ਹੈ। ਮਾਲਕਸ਼ ਵਿੱਚ ਰੇ, ਪ ਵਰਜਿਤ ਸਵਰ ਹਨ।

ਰਾਗ ਵਿੱਚ 'ਸ' ਸਵਰ ਕਦੇ ਵਰਜਿਤ ਨਹੀਂ ਹੁੰਦੇ ਮ ਅਤੇ ਪ ਸਵਰ ਦੋਵੇਂ ਵਰਜਿਤ ਨਹੀਂ ਹੋ ਸਕਦੇ। ਇਕ ਸਵਰ ਵਰਜਿਤ ਹੋਣ ਨਾਲ ਸ਼ਾੜਵ, ਦੋ ਸਵਰ ਵਰਜਿਤ ਹੋਣ ਨਾਲ ਔੜਵ ਜਾਤੀ ਦਾ ਰਾਗ ਬਣ ਜਾਂਦਾ ਹੈ।

## ਪਾਠ - ਅਭਿਆਸ

ਵਸਤੂਨਿਸ਼ਠ ਪ੍ਰਸ਼ਨ

1. ਵਾਦੀ ਸਵਰ ਨੂੰ ਹੋਰ ਕਿਹੜੇ ਨਾਮ ਨਾਲ ਜਾਣਿਆ ਜਾਂਦਾ ਹੈ ?
2. ਰਾਗ ਵਿੱਚ ਸਭ ਤੋਂ ਵੱਧ ਪ੍ਰਯੋਗ ਹੋਣ ਵਾਲੇ ਸਵਰ ਨੂੰ ਕੀ ਕਹਿੰਦੇ ਹਨ ?
3. ਸੰਵਾਦੀ ਸਵਰ ਤੋਂ ਕੀ ਭਾਵ ਹੈ ?
4. ਵਾਦੀ ਸਵਰ ਤੋਂ ਕਿੰਨਵਾਂ ਸਵਰ ਸੰਵਾਦੀ ਹੁੰਦਾ ਹੈ ?
5. ਅਨੁਵਾਦੀ ਸਵਰ ਨੂੰ ਹੋਰ ਕਿਹੜੇ ਨਾਮ ਨਾਲ ਜਾਣਿਆ ਜਾਂਦਾ ਹੈ ?
6. ਵਿਵਾਦੀ ਸਵਰ ਤੋਂ ਕੀ ਭਾਵ ਹੈ ?
7. ਕਿਹੜੇ ਸਵਰਾਂ ਦੀ ਰਾਗ ਵਿੱਚ ਪ੍ਰਯੋਗ ਕਰਨ ਦੀ ਮਨਾਹੀ ਹੁੰਦੀ ਹੈ, ਉਹਨਾਂ ਸਵਰਾਂ ਨੂੰ ਕੀ ਕਹਿੰਦੇ ਹਨ ?
8. ਰਾਗ ਦਾ ਸਮਾਂ ਨਿਸ਼ਚਿਤ ਕਰਨ ਵਿੱਚ ਕਿਹੜਾ ਸਵਰ ਸਹਾਇਤਾ ਕਰਦਾ ਹੈ ?

### ਅਧਿਆਪਕ ਲਈ

ਵਿਦਿਆਰਥੀਆਂ ਨੂੰ ਆਮ ਜੀਵਨ ਵਿੱਚੋਂ ਉਦਾਹਰਨਾਂ ਦੇ ਕੇ ਸਵਰਾਂ ਦੀਆਂ ਕਿਸਮਾਂ ਤੋਂ ਜਾਣੂ ਕਰਵਾਇਆ ਜਾਵੇ।

# ਪਾਠ - 4 ਜੀਵਨੀਆਂ

## i ਪੰਡਿਤ ਵਿਸ਼ਨੂੰ ਨਰਾਇਣ ਭਾਤਖੰਡੇ

ਉਨੀਵੀ ਸਦੀ ਵਿੱਚ ਸੰਗੀਤ ਦੀ ਹਾਲਤ ਬਹੁਤ ਨਾਜ਼ੁਕ ਸੀ। ਸੰਗੀਤਕਾਰਾਂ ਦਾ ਸਮਾਜ ਵਿੱਚ ਕੋਈ ਆਦਰ ਨਹੀਂ ਸੀ, ਸੰਗੀਤ ਕੇਵਲ ਵੈਸ਼ਵਾਵਾਂ ਦੇ ਕੋਠੇ ਤੱਕ ਜਾ ਘਰਾਣਿਆ ਤੱਕ ਹੀ ਜਕੜਿਆ ਹੋਇਆ ਸੀ। ਇਸ ਲਈ ਸਧਾਰਨ ਲੋਕ ਇਸ ਕਲਾ ਨੂੰ ਘਟੀਆਂ ਲੋਕਾਂ ਦੀ ਕਲਾ ਸਮਝਣ ਲਗ ਪਏ ਸਨ। ਇਸ ਨਫਰਤ ਦੇ ਖੂਹ ਵਿੱਚ ਪਏ ਭਾਰਤੀ ਸੰਗੀਤ ਨੂੰ ਬਾਹਰ ਕੱਢਣ ਅਤੇ ਉੱਚਾ ਚੁੱਕਣ ਦਾ ਸਿਹਰਾ ਪੰ: ਵਿਸ਼ਨੂੰ ਨਰਾਇਣ ਭਾਤਖੰਡ ਜੀ ਨੂੰ ਜਾਂਦਾ ਹੈ, ਜਿਸ ਸਕਦਾ ਅੱਜ ਵਿਦਿਆਰਥੀ ਸੰਗੀਤ ਨੂੰ ਵਿਸ਼ੇ ਦੇ ਰੂਪ ਵਿੱਚ ਸਕੂਲ, ਕਾਲਜਾ, ਵਿਸ਼ਵ-ਵਿਦਿਆਲਾ ਵਿੱਚ ਲਿਖਤੀ ਤੇ ਪ੍ਰਯੋਗੀ ਰੂਪ ਵਿੱਚ ਪੜ੍ਹ ਰਹੇ ਹਨ। ਇਥੇ ਹੀ ਨਹੀਂ ਪੰ: ਜੀ ਦੀ ਬਦੌਲਤ ਹਰ ਸਾਲ ਪ੍ਰਸਿੱਧ ਸੰਗੀਤਕਾਰ, ਅਧਿਆਪਕ, ਪ੍ਰੋਫੈਸਰ ਤਿਆਰ ਹੋ ਰਹੇ ਹਨ।

<u>ਜਨਮ ਤੇ ਸਿੱਖਿਆ</u> - ਇਸ ਮਹਾਨ ਸੰਗੀਤ ਸੁਧਾਰਕ, ਸ਼ਾਸਤਕਾਰ ਅਤੇ ਸੰਗੀਤ ਪ੍ਰਚਾਰਕ ਦਾ ਜਨਮ 10 ਅਗਸਤ, 1860 ਈ: ਨੂੰ ਜਨਮਅਸ਼ਟਮੀ ਦੇ ਦਿਨ ਮਹਾਰਾਸ਼ਟਰਾਂ ਦੇ ਭਾਂਤ ਬਾਲਕੇਸਵਰ ਨਾਮ ਪਿੰਡ ਵਿੱਚ ਇਕ ਉੱਚ ਪ੍ਰੰਤੂ ਗਰੀਬ ਬ੍ਰਾਹਮਣ ਪਰਿਵਾਰ ਵਿੱਚ ਹੋਇਆ। ਇਹਨਾਂ ਦੇ ਪਿਤਾ ਵਾਦ - ਵਰਿੰਦ ਅਤੇ ਮਾਤਾ ਗਾਇਕੀ ਵਿੱਚ ਨਿਪੁਨ ਸਨ। ਇਸ ਲਈ ਇਹਨਾਂ ਦੀ ਸੰਗੀਤ ਪ੍ਰਤੀ ਖਿੱਚ ਬਚਪਨ ਤੋਂ ਹੀ ਸੀ ਪ੍ਰੰਤੂ ਬਦਕਿਸਮਤ ਨਾਲ ਛੋਟੀ ਉਮਰ ਵਿੱਚ ਹੀ ਇਹਨਾਂ ਦੇ ਪਿਤਾ ਦਾ ਸਵਰਗਵਾਸ ਹੋਣ ਕਰਕੇ ਉਹ ਆਪਣੇ ਪਿਤਾ ਤੋਂ ਸੰਗੀਤ ਜਿਆਦਾ ਨਾਂਸਿੱਖ ਸਕੇ। ਸਕੂਲ ਅਤੇ ਕਾਲਜ ਦੀ ਸਿੱਖਿਆ ਦੇ ਨਾਲ ਇਹਨਾਂ ਨੇ ਸੰਗੀਤ ਦੀ ਸਿੱਖਿਆ ਵੀ ਹਾਸਿਲ ਕੀਤੀ, ਸੁਰੀਲਾ ਕੰਠ ਕੁਦਰਤ ਵਜੋਂ ਪ੍ਰਾਪਤ ਹੋਣ ਕਰਕੇ ਇਹਨਾਂ ਨੇ ਵਿਦਿਆਰਥੀ ਜੀਵਨ ਵਿੱਚ ਬਹੁਤ ਸਾਰੇ ਇਨਾਮ ਪ੍ਰਾਪਤ ਕੀਤੇ। ਸੰਨ 1890 ਵਿੱਚ ਪੰ: ਜੀ ਨੇ ਐਲ. ਐਸ. ਬੀ. ਦੀ ਪ੍ਰੀਖਿਆ ਪਾਸ ਕਰਕੇ ਵਕਾਲਤ ਕਰਨ ਲਈ ਕਰਾਚੀ ਚਲੇ ਗਏ ਪ੍ਰੰਤੂ ਵਕਾਲਤ ਵਿੱਚ ਸਫਲਤਾ ਨਾ ਮਿਲਣ ਕਰਕੇ ਬੰਬਈ ਵਾਪਿਸ ਆ ਗਏ। ਬੰਬਈ ਆ ਕੇ ਇਹਨਾਂ ਨੇ ਵਕਾਲਤ ਕਰਨੀ ਸ਼ੁਰੂ ਕੀਤੀ ਪ੍ਰੰਤੂ ਇਥੇ ਵੀ ਕਾਮਯਾਬੀ ਨਾ ਮਿਲੀ ! ਇਹਨਾਂ ਦੇ ਨਸੀਬ ਵਕੀਲ ਬਣਨਾ ਨਹੀ ਸਗੋਂ ਸਫਲ ਸੰਗੀਤਕਾਰ ਬਣ ਕੇ ਸੰਗੀਤ ਦਾ ਉਦਾਰ ਕਰਨਾ ਸੀ, ਇਸ ਲਈ ਪੰ: ਜੀ ਨੇ ਆਪਣੀ ਰੁਚੀ ਸੰਗੀਤ ਵੱਲ ਕਰਕੇ ਅਤੇ ਆਪਣਾ ਸਾਰਾ ਧਿਆਲ ਸੰਗੀਤ ਉੱਤੇ ਕੇਂਦ੍ਰਿਤ ਕਰ ਦਿੱਤਾ !

<u>ਪੰਡਿਤ ਜੀ ਦੀ ਸੰਗੀਤ ਸਿੱਖਿਆ</u> - ਪੰ: ਜੀ ਨੇ ਸੰਗੀਤ ਪ੍ਰਤਿਯੋਤਾਵਾਂ ਵਿੱਚ ਭਾਗ ਲੈ ਕੇ ਇਨਾਮ ਪ੍ਰਾਪਤ ਕੀਤੇ ਪੰਤੂ ਉਹਨਾਂ ਦੇ ਮੰਨ ਵਿੱਚ ਇਨਾਮ ਪ੍ਰਾਪਤ ਕਰਨਾ ਨਹੀਂ ਸਗੋਂ ਸੰਗੀਤ ਕਲਾਂ ਵਿੱਚ ਅੱਗੇ ਵਧਣਾ ਸੀ ਇਸ ਲਈ ਉਹਨਾਂ ਨੇ ਚੰਗੇ ਗੁਰੂ ਯੋਗ ਵਿਦਵਾਨਾਂ ਤੋਂ ਸੰਗੀਤ ਦੀ ਸਿੱਖਿਆ ਪ੍ਰਾਪਤ ਕਰਨ ਦਾ ਫੈਸਲਾ ਕੀਤਾ ਇਸ ਲਈ ਆਪ ਨੇ ਉਸ ਸਮੇਂ ਦੇ ਪ੍ਰਸਿੱਧ ਸੰਗੀਤਕਾਰ ਸੇਠ ਬੱਲਭਦਾਸ (ਬੰਬਈ) ਜੀ ਨੂੰ ਆਪਣਾ ਗੁਰੂ ਬੇਲਬਾਥਕਰ, ਜੈਪੁਰ ਦੇ ਉਸਤਾਦ ਮੁਹੰਮਦ ਅਲੀ ਖਾਂ, ਨਵਾਬ ਕਲਵੇ ਖਾਂ (ਰਾਮਪੁਰ), ਪੰਡਿਤ ਏਕਨਾਥ (ਗਵਾਲੀਅਰ) ਅਤੇ ਰਾਵ ਜੀ, ਬਾਬਾ ਬੋਲਗਾਰਕਰ ਪ੍ਰਸਿੱਧ ਸੰਗੀਤਕਾਰਾਂ ਤੋਂ ਗਾਇਨ ਤੇ ਵਾਦਨ (ਸਿਤਾਰ, ਬਾਸੁੰਗੀ) ਦੀ ਸਿੱਖਿਆਂ ਹਾਸਿਲ ਕੀਤੀ।

ਪੰਡਿਤ ਜੀ ਦੀਆਂ ਯਾਤਰਾਵਾਂ - ਸੰਨ 1904 ਵਿੱਚ ਪੰ: ਜੀ ਨੇ ਪਹਿਲੀ ਸੰਗੀਤ ਯਾਤਰਾ ਕੀਤੀ। ਜਦੋਂ ਉਹਨਾਂ ਨੇ ਭਾਰਤ ਦੇ ਉੱਤਰਾਂ, ਦੱਖਣ ਮੱਧ ਭਾਰਤ, ਉੱਤਰ ਪ੍ਰਦੇਸ਼ ਵਿੱਚ ਸੰਗੀਤ ਦੀ ਤਰਸਯੋਗ ਸਥਿਤੀ ਦੇਖੀ ਤਾ ਉਹਨਾਂ ਦਾ ਮੰਨ ਬਹੁਤ ਦੁਖੀ ਹੋਇਆ ਉਹਨਾਂ ਨੇ ਮੰਨ ਵਿੱਚ ਨਿਸ਼ਚਤ ਕੀਤਾ ਕਿ ਉਹ ਸੰਗੀਤ ਕਲਾਂ ਵਿੱਚ ਸੁਧਾਰ ਲਿਆਕੇ ਆਪ ਜਨਤਾ ਦੇ ਸਾਹਮਣੇ ਸਰਲ ਤੇ ਰੋਚਕ ਢੰਗ ਨਾਲ ਪੇਸ਼ ਕਰਨਗੇ। ਇਸ ਲਈ ਪੰ: ਜੀ ਨੇ ਪੁਸਤਕਲਾਂ ਵਿੱਚ ਪਏ ਹਿੰਦੀ, ਬੰਗਾਲੀ, ਤੇਲਗੂ, ਗੁਜਰਾਤੀ, ਮਰਾਠੀ, ਸੰਸਕ੍ਰਿਤ ਸੰਗੀਤ ਗ੍ਰੰਥਾਂ ਦਾ ਅਲੋਚਨਾਤਮਕ ਅਧਿਐਨ ਕਰਕੇ ਕਮਜੋਰੀਆਂ ਦਾ ਪਤਾ ਲਗਾਇਆ ਅਤੇ ਉਸ ਸਮੇਂ ਦੇ ਪ੍ਰਸਿੱਧ ਸੰਗੀਤਕਾਰਾ ਨਾਲ ਵਿਚਾਰ ਵਟਾਂਦਰਾ ਕੀਤਾ । ਸੰਗੀਤ ਦਾ ਗਿਆਨ ਪ੍ਰਾਪਤ ਕਰਨ ਲਈ ਜੇਕਰ ਉਹਨਾਂ ਨੂੰ ਪੈਸਾ ਦੇਣਾ ਪਿਆ ਤਾਂ ਉਹਨਾਂ ਨੇ ਦਿੱਤਾ ਜੇਕਰ ਉਹਨਾਂ ਨੂੰ ਕਿਸੇ ਗੁਰੂ ਦਾ ਸ਼ੀਸ ਬਣਨਾ ਪਿਆ ਤਾਂ ਉਹ ਬਣੇ, ਜੇਕਰ ਕਿਸੇ ਸੰਗੀਤਕਾਰ ਦੀ ਤਨ - ਮੰਨ ਨਾਲ ਸੇਵਾ ਕਰਨੀ ਪਈ ਤਾਂ ਉਹ ਵੀ ਕੀਤੀ । ਇਹਨੀ ਕਠਿਨ ਤਪੱਸਿਆ ਤੋਂ ਬਾਅਦ ਉਹਨਾਂ ਨੂੰ ਭਿੰਨ - ਭਿੰਨ ਰਾਗਾਂ ਦਾ ਗਿਆਨ ਪ੍ਰਾਪਤ ਕੀਤਾ ਅਤੇ ਉਹਨਾਂ ਤੋਂ ਤਰਾਨਾਂ, ਧਮਾਰ, ਧਰੁਪੱਦਾ, ਖਿਆਲ ਦੀਆਂ ਬੰਦਿਸ਼ਾ ਇਕੱਠੀਆਂ ਕਰਕੇ ਜਿਹਨਾਂ ਰਾਗਾਂ ਦੀਆਂ ਰਚਨਾਵਾਂ ਨਹੀਂ ਮਿਲੀਆਂ ਉਹਨਾਂ ਬੰਦਿਸ਼ਾਂ ਨੂੰ ਆਪ ਨੇ ''ਚਤੁਰ ਪੰਡਿਤ ਦੇ ਉੱਨਾਮ ਨਾਲ ਸਵਰ ਬੱਧ ਕਰਕੇ ਉਹਨਾਂ ਦੀਆਂ ਸਵਰ ਲਿਪੀਆਂ ਤਿਆਰ ਕੀਤੀਆਂ।

## ਪੰਡਿਤ ਜੀ ਦੇ ਕੰਮ

1. ਭਾਤਖੰਡੇ ਸੁਰਲਿੱਪੀ :- ਸੰਗੀਤ ਸਵਰ ਲਿੱਪੀ ਲਿਖਣ ਲਈ ਇਕ ਸਰਲ ਢੰਗ ਦਾ ਨਿਰਮਾਣ ਕਰਨਾ ਭਾਤਖੰਡੇ ਦਾ ਸਭ ਤੋਂ ਵੱਡਾ ਅਤੇ ਅਮੁਲਾ ਕੰਮ ਸੀ। ਇਸ ਲਈ ਉਹਨਾਂ ਨੇ ਨਵੀ ਸਵਰ ਲਿੱਪੀ ਦੀ ਰਚਨਾ ਕੀਤੀ ਜਿਸ ਨੂੰ ਭਾਖਖੰਡੇ ਸਵਰ ਲਿੱਪੀ ਨਾਲ ਜਾਣਿਆ ਜਾਂਦਾ ਹੈ। ਇਹ ਸਵਰ ਲਿੱਪੀ ਉੱਤਰ ਭਾਰਤ ਵਿੱਚ ਬਹੁਤ ਪ੍ਰਚਾਰ ਵਿੱਚ ਹੈ। ਇਸ ਤੋਂ ਪਹਿਲਾਂ ਸੰਗੀਤ ਦੀਆਂ ਬੰਦਿਸ਼ਾਂ ਜੁਬਾਨੀ ਯਾਦ ਕੀਤੀਆਂ ਜਾਂਦੀਆਂ ਸਨ ਪਰ ਭਾਤਖੰਡੇ ਸਵਰ ਲਿੱਪੀ ਬਣਨ ਨਾਲ ਪੁਰਾਣੀਆਂ ਬੰਦਿਸ਼ਾਂ ਨੂੰ ਇਕਲਾ ਕਰਕੇ ਉਹਨਾਂ ਨੂੰ ਮਿਟ ਜਾਣ ਤੋਂ ਬਚਾਉਣ ਦਾ ਕਾਰਜ ਇਹਨਾਂ ਦੁਆਰਾ ਕੀਤਾ ਗਿਆ।

2. ਸੰਗੀਤ ਨੂੰ ਲੋਕਪ੍ਰਿਯ (ਹਰਮਨ) ਬਨਾਣਾ :- ਸੰਗੀਤ ਨੂੰ ਲੋਕਪ੍ਰਿਯ (ਹਰਮਨ) ਬਣਾਣ ਦਾ ਸਿਹਰਾ ਵੀ ਭਾਤਖੰਡੇ ਜੀ ਨੂੰ ਹੀ ਜਾਂਦਾ ਹੈ। ਪੰਡਿਤ ਜੀ ਨੇ ਜਨਮਧਾਰਨ ਵਿੱਚ ਇਸਦੀ ਰੁਚੀ ਅਤੇ ਲਗਨ ਪੈਦਾ ਕੀਤੀ ਸੰਗੀਤ ਵਿੱਚ ਰੁਚੀ ਲਿਆਉਣ ਲਈ ਉਹਨਾਂ ਨੇ ਸੰਗੀਤ ਦਾ ਪ੍ਰਚਾਰ ਕੀਤਾ।

3. ਸੰਗੀਤ ਪੁਸਤਕਾਂ :- ਪੰ: ਜੀ ਨੇ ਸਾਰੇ ਭਾਰਤ ਦਾ ਦੌਰਾ ਕਰਕੇ ਫਲਸਵਰੂਪ ਕਈ ਪੁਸਤਕਾਂ ਛਪਵਾਈਆਂ, ਹਿੰਦੁਸਤਾਨੀ ਸੰਗੀਤ ਪਦੱਤੀ (ਚਾਰ ਭਾਗ) ਇਸ ਵਿੱਚ ਸੰਗੀਤ ਸ਼ਾਸਤਰ ਦੀ ਚਰਚਾ ਕੀਤੀ ਗਈ ਹੈ। ਕ੍ਰਮਿਕ ਪੁਸਤਕ ਮਾਲਿਕਾ (ਛੇ ਭਾਗ) ਜਿਸ ਵਿੱਚ ਸੈਂਕੜੇ ਪਰੰਪਰਾਗਤ ਧਰੁਪਦ ਧਮਾਰ, ਤਰਾਨੇ, ਖਿਆਲ ਲਿਖੇ ਗਏ ਹਨ ਅਭਿਨਵ ਰਾਗ ਮੰਤਰੀ ਆਪਣੇ ਇਸ ਸੰਗੀਤ ਪੁਸਤਕਾਂ ਵਿੱਚ ਚਤੁਰ ਪੰਡਿਤ'' ਦੀ ਉਪਮਾ ਹੇਠ ਰਚਨਾਵਾਂ ਵੀ ਲਿਖਿਆ ਕੁਝ ਸੰਸਕ੍ਰਿਤ ਗ੍ਰੰਥਾ ਦਾ ਅਨੁਵਾਦ ਹਿੰਦੀ ਵਿਚ ਕੀਤਾ। ਅੱਜ ਦੇ ਸੰਗੀਤਕਾਰਾਂ ਨੂੰ ਪੁਰਾਤਨ ਸੰਗੀਤ ਦੇ ਗੌਰਵ ਤੋਂ ਵੀ ਜਾਣੂ ਕਰਵਾਇਆ।

4. ਸੰਗੀਤ ਸਿੱਖਿਆ ਅਤੇ ਪ੍ਰੀਖਿਆ ਪ੍ਰਣਾਲੀ ਸ਼ੁਰੂ ਕਰਵਾਈ :- ਪੰ: ਜੀ ਨੇ ਆਪਣੇ ਸੰਗੀਤ ਸਿਖਿਆ ਪ੍ਰਣਾਲੀ ਦੀ ਰਚਨਾ ਕੀਤੀ। ਵਿਦਿਆਰਥੀਆਂ ਲਈ ਸਕੂਲ ਤੇ ਕਾਲਜਾ ਦੇ ਪਧੱਰ ਤਕ ਪ੍ਰਣਾਲੀ ਦਾ ਕੰਮ ਸ਼ੁਰੂ ਕਰਵਾ ਕੇ ਸੰਗੀਤ ਜਗਤ ਨੂੰ ਨਵੀਂ ਦਿਸ਼ਾ ਦਿੱਤੀ।

5. ਸੰਗੀਤ ਵਿਦਿਆਲਿਆਂ ਦੀ ਸਥਪਾਨਾ :- ਪੰ: ਜੀ ਦੇ ਯਤਨਾਂ ਸਦਕਾ ਮੈਰਿਸ ਕਾਲਜ ਆਫ਼ ਮਿਉਜ਼ਿਕ ਲਖਨਓ ਮਾਧਵ ਸੰਗੀਤ ਵਿਦਿਆਲਾ ਗਵਾਲਿਅਰ, ਮਿਉਜ਼ਿਕ ਕਾਲਜ ਬੜੌਦਾ ਵਿਖੇ ਸੰਗੀਤ ਵਿਦਿਆਲਾਂ ਦੀ ਸਥਾਪਨਾ ਕਰਵਾਈ। ਜਿਸ ਨਾਲ ਸੰਗੀਤ ਕਲਾ ਦਾ ਪ੍ਰਸਾਰ ਤੇ ਪ੍ਰਚਾਰ ਬਹੁਤ ਹੋਇਆ।

6 ਥਾਟ ਰਾਗ ਪਦੱਤੀ :- ਭਾਤਖੰਡੇ ਜੀ ਨੇ ਵਿਅੰਕਟ ਮੁੱਖੀ ਦੇ 72 ਥਾਟਾਂ ਤੋਂ 10 ਥਾਟਾਂ ਨੂੰ ਉੱਤਰੀ ਪ੍ਰਣਾਲੀ ਦੇ ਲਈ ਚੁਣ ਕੇ ਉਨ੍ਹਾਂ ਦੇ ਆਧਾਰ ਤੇ ਰਾਗਾ ਦੀ ਰਚਨਾ ਕੀਤੀ। ਥਾਟ ਰਾਗ ਪਦੱਤੀ ਤੋਂ ਪਹਿਲਾਂ ਰਾਗ-ਰਾਗਿਨ ਪਦੱਤੀ ਪ੍ਰਚਲਿਤ ਸੀ ਜਿਸ ਵਿੱਚ ਬਹੁਤ ਖਾਮੀਆਂ ਸਨ। ਇਨ੍ਹਾਂ ਨੂੰ ਦੂਰ ਕਰਕੇ ਭਾਤਖੰਡੇ ਜੀ ਨੇ ਥਾਟਰਾਗ ਪਦੱਤੀ ਨੂੰ ਪ੍ਰਚਾਰ ਵਿੱਚ ਲਿਆਂਦਾ। ਥਾਟ ਰਾਗ ਪਦੱਤੀ ਨਾਲ ਸੰਗੀਤਕਾਰਾਂ ਵਿੱਚ ਨਿਯਮਬੱਧ ਢੰਗ ਨਾਲ ਗਾਉਣ-ਵਜਾਉਣ ਦੀ ਯੋਗਤਾ ਪੈਦਾ ਹੋਈ।

7. ਰਾਗਾਂ ਦਾ ਵਰਗੀਕਰਣ :- ਰਾਗਾਂ ਦਾ ਵਰਗੀਕਰਣ ਪੰ: ਜੀ ਨੇ ਆਪਣੇ ਸਮੇਂ ਦੇ ਸੌ ਰਾਗਾਂ ਦਾ ਨਿਰਮਾਣ ਦਸ ਥਾਟਾਂ ਤੇ ਆਧਾਰ ਤੇ ਹੀ ਕੀਤਾ। ਸੰਗੀਤ ਨੂੰ ਸ਼ਾਸਤਰਾਂ ਦਾ ਆਧਾਰ ਵੀ ਪੰ: ਜੀ ਨੇ ਦਿੱਤਾ ਜਿਸ ਨਾਲ ਸੰਗੀਤ ਦਾ ਵਿਕਾਸ ਵਿਗਿਆਨਕ ਤੇ ਠੀਕ ਢੰਗ ਨਾਲ ਹੋਣ ਲਗਾ।

8. ਗੀਤ - ਰਚਨਾ :- ਆਪਨੇ, ਖਿਆਲ, ਧਰੁਪਦ, ਧਮਾਰ ਤਰਾਨਾ ਅਤੇ ਕਈ ਲਛਣ ਗੀਤਾਂ ਦੀ ਰਚਨਾ ਕੀਤੀ। ਭਾਰਤੀ ਸੰਗੀਤ ਵਿੱਚ ਲਛਣ ਗੀਤਾ ਨੂੰ ਸਥਾਨ ਵੀ ਭਾਤਖੰਡੇ ਜੀ ਨੇ ਹੀ ਦੁਆਇਆ ਸੀ।

9. ਸੰਗੀਤ ਸੰਮੇਲਨ :- ਜਨ ਸਧਾਰਨ ਦੀ ਸੰਗੀਤ ਪ੍ਰਤੀ ਰੁਚੀ ਪੈਦਾ ਕਰਨ ਲਈ ਉਹਨਾਂ ਨੇ ਐਕਾਂ ਗੋਸ਼ਟੀਆਂ ਦਾ ਪ੍ਰਬੰਧ ਕੀਤਾ ਅਤੇ ਸੰਨ 1916 ਵਿੱਚ ਬੜੌਦਾ ਵਿਖੇ ਸੰਗੀਤ ਸੰਮੇਲਨ ਕਰਵਾਇਆ। ਇਸ ਸੰਗੀਤ ਸੰਮੇਲਨ ਵਿੱਚ ਦੇਸ਼ ਭਰ ਦੇ ਸੰਗੀਤਕਾਰ ਬੁਲਾਏ ਗਏ। ਇਹ ਸੰਮੇਲਨ ਇਨ੍ਹਾਂ ਸਫਲ ਰਿਹਾ ਕਿ ਸਾਰੇ ਭਾਰਤ ਵਿੱਚ ਇਸ ਦੀਆਂ ਧੁਮਾ ਪੈਗਈਆ। ਇਸ ਤਰ੍ਹਾਂ ਭਾਰਤ ਵਿੱਚ ਸੰਗੀਤ ਪ੍ਰੇਮੀਆਂ ਦੀ ਸਹਾਇਤਾ ਨਾਲ ਸੰਗੀਤ ਸੰਮੇਲਨ ਕਰਵਾਏ ਗਏ ਇਸ ਲਈ ਭਾਰਤ ਵਿੱਚ ਕੀਤੇ ਜਾ ਰਹੇ ਸੰਗੀਤ ਸੰਮੇਲਨ ਦਾ ਸਿਹਰਾ ਵੀ ਭਾਤਖੰਡੇ ਜੀ ਨੂੰ ਹੀ ਜਾਂਦਾ ਹੈ।

10. ਪ੍ਰਾਚੀਨ ਕਲਾਕਾਰਾਂ ਦੀ ਸਮਗਰੀ ਨੂੰ ਸੁਰਲਿਪੀ ਬੱਧ ਕਰਨਾ ਤੇ ਗ੍ਰੰਥ ਪਰਿਚਅ ਕਰਵਾਉਣਾ :- ਭਾਤਖੰਡੇ ਜੀ ਨੇ ਸੰਗੀਤ ਕਲਾਕਾਰਾਂ ਦੀਆਂ ਨਾ ਸਮਝ ਆਉਣ ਵਾਲੀਆਂ ਰਚਨਾਵਾਂ ਨੂੰ ਇਕੱਠਾ ਕਰਕੇ ਨੋਟੇਸ਼ਨ ਪ੍ਰਣਾਲੀ ਵਿੱਚ ਨਿਬੱਧ ਕਰਕੇ ਸੰਗੀਤ ਦੇ ਵਿਦਿਆਰਥੀਆਂ ਤੇ ਉਪਕਾਰ ਕੀਤਾ। ਆਪ ਨੇ ਕਿਹੜੀ ਪੁਸਤਕ ਕਿਹੜੇ ਗ੍ਰੰਥ ਵਿੱਚ ਉਪਲਬੱਧ ਹੈ, ਇਹਨਾਂ ਸਾਰੀਆਂ ਦਾ ਵਰਣਨ ਲਿਖ ਕੇ ਸੰਗੀਤ ਦੇ ਵਿਦਿਆਰਥੀਆਂ ਲਈ ਨਵਾਂ ਰਸਤਾ ਦਿਖਾਇਆ।

11. ਸਵਰਗਵਾਸ :- ਇਸ ਤਰ੍ਹਾਂ ਭਿੰਨ - ਭਿੰਨ ਤਰ੍ਹਾਂ ਨਾਲ ਸੰਗੀਤ ਦਾ ਉਦਾਰ ਕਰਨ ਵਾਲੇ, ਸੰਗੀਤ ਦੇ ਪ੍ਰਚਾਰ, ਪ੍ਰਸਾਰ ਵਿੱਚ ਆਪਣਾ ਸਭ ਕੁਝ ਲੁਟਾਣ ਵਾਲੇ, ਸੰਗੀਤ ਦੀਆਂ ਹਨੇਰੀਆਂ ਗਲੀਆਂ ਵਿੱਚ ਸੰਗੀਤ ਦੇ ਗਿਆਨ ਦਾ

ਦੀਵਾ ਜਗਾਉਣ ਵਾਲੇ ਇਸ ਮਹਾਨ ਵਿਭੂਤਿ ਦਾ 19 ਸਤੰਬਰ ਸੰਨ: 1936 ਨੂੰ ਸਵਰਗਵਾਸ ਹੋ ਗਿਆ। ਪ੍ਰੰਤੂ ਅੱਜ ਦਾ ਭਾਰਤੀ ਸੰਗੀਤ ਭਾਤਖੰਡੇ ਜੀ ਦੀਆਂ ਮਹਾਨ ਸੇਵਾਵਾਂ ਲਈ ਸਦਾ ਉਹਨਾਂ ਦਾ ਰਿਣੀ ਰਹੇਗਾ।

## ਪਾਠ - ਅਭਿਆਸ

### ਵਸਤੂਨਿਸ਼ਠ ਪ੍ਰਸ਼ਨ

1. ਪੰ. ਭਾਤਖੰਡੇ ਜੀ ਦਾ ਜਨਮ ਕਦੋਂ ਤੇ ਕਿੱਥੇ ਹੋਇਆ ?
2. ਪੰ. ਭਾਤਖੰਡੇ ਜੀ ਨੇ ਸੰਗੀਤ ਸਿੱਖਿਆ ਕਿੱਥੋਂ ਪ੍ਰਾਪਤ ਕੀਤੀ ?
3. ਪੰ. ਭਾਤਖੰਡੇ ਜੀ ਦੀਆਂ ਦੋ ਪੁਸਤਕਾਂ ਦੇ ਨਾਂ ਦੱਸੋ ।
4. ਪੰ. ਭਾਤਖੰਡੇ ਜੀ ਨੇ ਪਹਿਲੀ ਸੰਗੀਤ ਯਾਤਰਾ ਕਦੋਂ ਆਰੰਭ ਕੀਤੀ ?
5. ਪੰ. ਭਾਤਖੰਡੇ ਜੀ ਨੇ ਪਹਿਲਾ ਸੰਗੀਤ ਸੰਮੇਲਨ ਕਦੋਂ ਤੇ ਕਿੱਥੇ ਕਰਵਾਇਆ ?
6. ਪੰ. ਭਾਤਖੰਡੇ ਜੀ ਨੇ ਕਿਸ ਸਵਰ ਲਿਪੀ ਪੱਧਤੀ ਦਾ ਪ੍ਰਚਲਨ ਕੀਤਾ ?
7. ਪੰ. ਭਾਤਖੰਡੇ ਜੀ ਨੇ ਰਾਗ ਵਰਗੀਕਰਨ ਲਈ ਕਿਸ ਪੱਧਤੀ ਦਾ ਪ੍ਰਚਲਨ ਕੀਤਾ ?
8. ਪੰ. ਭਾਤਖੰਡੇ ਜੀ ਦਾ ਦਿਹਾਂਤ ਕਦੋਂ ਹੋਇਆ ?

### ਅਧਿਆਪਕ ਲਈ

| ਵਿਦਿਆਰਥੀਆਂ ਨੂੰ ਹੋਰ ਸੰਗੀਤਕਾਰਾਂ ਬਾਰੇ ਅਤੇ ਉਹਨਾਂ ਦੀ ਸੰਗੀਤ ਪ੍ਰਤੀ ਦੇਣ ਬਾਰੇ ਦੱਸਿਆ ਜਾਵੇ। |
|---|

## ii ਸ਼੍ਰੀ ਨਰਿੰਦਰ ਨਰੂਲਾ

ਸ਼੍ਰੀ ਨਰਿੰਦਰ ਨਰੂਲਾ ਜੀ ਆਧੁਨਿਕ ਸਮੇਂ ਦੇ ਪ੍ਰਸਿੱਧ ਸਿਤਾਰ ਵਾਦਕ ਹੋਏ ਹਨ। ਆਪ ਨੇ ਸਿਤਾਰ ਵਾਦਨ ਨੂੰ ਭਾਰਤ ਦੇ ਨਾਲ - ਨਾਲ ਵਿਦੇਸ਼ਾਂ ਵਿੱਚ ਵੀ ਪਹੁੰਚਾਇਆ ਹੈ। ਆਪ ਦੇਸ਼ ਦੇ ਉੱਘੇ ਸਿਤਾਰ ਵਾਦਕਾਂ ਵਿੱਚੋਂ ਇੱਕ ਹਨ ।

ਜਨਮ ਅਤੇ ਮਾਤਾ ਪਿਤਾ :- ਸ਼੍ਰੀ ਨਰਿੰਦਰ ਨਰੂਲਾ ਜੀ ਦਾ ਜਨਮ 15 ਜੁਲਾਈ 1948 ਨੂੰ ਪਟਿਆਲਾ ਵਿਖੇ ਇੱਕ ਸੰਗੀਤਕ ਮਾਹੌਲ ਵਾਲੇ ਪਰਿਵਾਰ ਵਿੱਚ ਹੋਇਆ। ਆਪ ਦੇ ਪਿਤਾ ਸ਼੍ਰੀ ਜਗਦੀਸ਼ ਰਾਏ ਨਰੂਲਾ ਜੀ ਪ੍ਰਸਿੱਧ ਸਿਤਾਰ ਵਾਦਕ ਸਨ ਜੋ ਕਿ ਪਟਿਆਲਾ ਘਰਾਣੇ ਦੇ ਉ. ਆਸ਼ਿਕ ਅਲੀ ਖਾਂ ਜੀ ਦੇ ਸ਼ਾਗਿਰਦ ਸਨ। ਆਪ ਜੀ ਦੇ ਪਿਤਾ ਨੇ ਫਿਲਮ ਇੰਡਸਟਰੀ ਵਿੱਚ ਵਾਇਲਨ ਵਾਦਨ ਕਰਕੇ ਖੂਬ ਨਾਮ ਕਮਾਇਆ। ਆਪ ਦੇ ਮਾਤਾ ਸ਼੍ਰੀਮਤੀ ਗਿਆਨ ਕੌਰ ਆਪਣੇ ਸਮੇਂ ਦੀ ਉੱਘੀ ਗਾਇਕਾ ਸਨ। ਆਪ ਦੇ ਮਾਤਾ ਜੀ ਸ਼ਬਦ ਗਾਇਨ ਦੀ ਸ਼ੁਰੂਆਤ ਔਰਤਾਂ ਵਿੱਚ ਕਰਨ ਵਾਲੀ ਪਹਿਲੀ ਇਸਤਰੀ ਸਨ। ਇਨ੍ਹਾਂ ਦੇ ਗਾਣਿਆਂ ਅਤੇ ਸ਼ਬਦਾਂ ਦੀ ਰਿਕਾਡਿੰਗ EMI ਰਿਕਾਰਡਿੰਗ ਕੰਪਨੀ ਵੱਲੋਂ ਕੀਤੀ ਗਈ।

ਸੰਗੀਤ ਸਿੱਖਿਆ :- ਸਿਤਾਰ ਵਾਦਨ ਅਤੇ ਗਾਇਨ ਦੀ ਮੁੱਢਲੀ ਸਿੱਖਿਆ ਆਪ ਜੀ ਨੂੰ ਆਪਣੇ ਮਾਤਾ - ਪਿਤਾ ਜੀ ਤੋਂ ਹੀ ਪ੍ਰਾਪਤ ਹੋਈ। ਲਗਭਗ ਪੰਜ - ਛੇ ਸਾਲ ਦੀ ਉਮਰ ਤੋਂ ਹੀ ਆਪ ਨੇ ਸਿਤਾਰ ਵਾਦਨ ਦੀ ਸਿੱਖਿਆ ਪ੍ਰਾਪਤ ਕਰਨੀ ਸ਼ੁਰੂ ਕਰ ਦਿੱਤੀ। ਆਪ ਜੀ ਦੇ ਪਿਤਾ ਜੀ ਆਪਣੀ ਦੇਖ - ਰੇਖ ਹੇਠ ਆਪ ਜੀ ਨੂੰ ਸਿਤਾਰ ਦਾ ਅਭਿਆਸ

ਕਰਵਾਉਂਦੇ ਸਨ। ਆਪ ਜੀ 12 ਤੋਂ 18 ਘੰਟਿਆਂ ਤੱਕ ਅਭਿਆਸ ਕਰਦੇ ਸਨ। ਸੰਨ 1965 ਵਿੱਚ ਆਪ ਸੇਨੀਆਂ ਘਰਾਣੇ ਦੇ ਪ੍ਰਸਿੱਧ ਸਿਤਾਰ ਵਾਦਕ ਉ. ਵਿਲਾਇਤ ਖਾਂ ਸਾਹਿਬ ਕੋਲ ਸਿਤਾਰ ਸਿੱਖਣ ਲਈ ਗਏ। ਉ. ਵਿਲਾਇਤ ਖਾਂ ਸਾਹਿਬ ਜੀ ਦੀ ਯੋਗ ਅਗਵਾਈ ਵਿੱਚ ਸੰਗੀਤ ਦੀ ਕਠੋਰ ਸਾਧਨਾ ਸਦਕਾ ਆਪ ਇੱਕ ਸਿਤਾਰ ਵਾਦਕ ਦੇ ਰੂਪ ਉੱਭਰੇ। ਇਸਦੇ ਨਾਲ ਹੀ ਆਪ ਨੇ ਸੰਗੀਤ ਪ੍ਰਵੀਨ, ਗਾਇਨ ਅਤੇ ਤਬਲਾ ਵਾਦਨ ਵਿੱਚ 'ਸੰਗੀਤ ਵਿਸ਼ਾਰਦ' ਗੰਧਰਵ ਮਹਾਂਵਿਦਿਆਲਾ ਪੂਨਾ ਤੋਂ ਕੀਤੀ। ਪੰਜਾਬੀ ਯੂਨੀਵਰਸਿਟੀ ਪਟਿਆਲਾ ਤੋਂ ਆਪ ਨੇ ਐਮ. ਏ. ਸੰਗੀਤ ਦੀ ਡਿਗਰੀ ਪ੍ਰਾਪਤ ਕੀਤੀ। ਵਿਦਿਆਰਥੀ ਜੀਵਨ ਵਿੱਚ ਆਪ ਜੀ ਨੇ ਜਿੰਨੇ ਵੀ ਸਿਤਾਰ ਵਾਦਨ ਦੇ ਮੁਕਾਬਲਿਆਂ ਵਿੱਚ ਹਿੱਸਾ ਲਿਆ, ਆਪ ਜੀ ਨੇ ਸਭ ਵਿੱਚ ਹਮੇਸ਼ਾ ਪਹਿਲਾ ਸਥਾਨ ਹੀ ਪ੍ਰਾਪਤ ਕੀਤਾ। 1968 ਵਿੱਚ ਗੇਟੀ ਥਿਏਟਰ ਸ਼ਿਮਲਾ ਵਿਖੇ ਇੱਕ ਆਲ ਇੰਡੀਆ ਓਪਨ ਸੰਗੀਤ ਮੁਕਾਬਲਾ ਹੋਇਆ। ਉਸ ਵਿੱਚ ਵੀ ਆਪ ਨੇ ਪਹਿਲਾ ਸਥਾਨ ਪ੍ਰਾਪਤ ਕੀਤਾ।

ਸੰਨ 1970 ਵਿੱਚ ਬਤੌਰ ਸੰਗੀਤ ਲੈਕਚਰਾਰ ਸਰਕਾਰੀ ਕਾਲਜ ਗੁਰਦਾਸਪੁਰ ਵਿਖੇ ਨੌਕਰੀ ਕਰਨੀ ਸ਼ੁਰ ਕੀਤੀ। ਸੰਨ 1975 ਵਿੱਚ ਆਪ ਜੀ ਦਾ ਵਿਆਹ ਸੁਧਾ ਨਰੂਲਾ ਜੀ ਨਾਲ ਹੋਇਆ, ਜੋ ਕਿ ਇੱਕ ਨ੍ਰਿਤ ਅਧਿਆਪਕਾ ਹਨ। ਆਪ ਦੇ ਘਰ ਦੋ ਪੁੱਤਰਾਂ ਨੇ ਜਨਮ ਲਿਆ - ਯਮਨ ਨਰੂਲਾ ਅਤੇ ਕੁਨਾਲ ਨਰੂਲਾ। ਆਪ ਨੇ ਸਰਕਾਰੀ ਕਾਲਜ ਲੜਕੀਆਂ ਪਟਿਆਲਾ ਵਿਖੇ ਸੰਗੀਤ ਵਿਭਾਗ ਦੇ ਮੁੱਖੀ ਦੇ ਤੌਰ ਤੇ ਵੀ ਨੌਕਰੀ ਕੀਤੀ।

ਸੰਗੀਤ ਪ੍ਰੋਗਰਾਮ :- ਆਪਨੇ 18 ਸਾਲ ਦੀ ਉਮਰ ਵਿੱਚ ਆਪਣਾ ਪਹਿਲਾ ਸੰਗੀਤ ਪ੍ਰੋਗਰਾਮ ਕਿਲਾ ਚੌਂਕ ਪਟਿਆਲਾ ਵਿਖੇ ਪੇਸ਼ ਕੀਤਾ। ਇੱਥੇ ਆਪਨੇ ਖੂਬ ਵਾਹ - 2 ਖੱਟੀ। ਇਸ ਉਪਰੰਤ ਆਪਨੇ ਪੂਰੇ ਉੱਤਰੀ ਭਾਰਤ ਵਿੱਚ ਆਪਣੇ ਸਿਤਾਰ ਵਾਦਨ ਦੇ ਪ੍ਰੋਗਰਾਮ ਪੇਸ਼ ਕੀਤੇ। ਹਰਿਵੱਲਭ ਸੰਗੀਤ ਸੰਮੇਲਨ ਜਲੰਧਜ ਵਿਖੇ ਆਪਨੇ ਕਈ ਵਾਰ ਸਿਤਾਰ ਵਾਦਨ ਪੇਸ਼ ਕੀਤਾ ਹੈ। ਰੇਡੀਉ. ਅਤੇ ਟੀ. ਵੀ. ਤੇ ਵੀ ਆਪ ਦੇ ਸਿਤਾਰ ਵਾਦਨ ਦੇ ਪ੍ਰੋਗਰਾਮ ਪ੍ਰਸਾਰਿਤ ਹੁੰਦੇ ਰਹੇ ਹਨ। ਸੰਨ 1988 ਵਿੱਚ ਆਪ ਨੂੰ ਇੰਡੀਅਨ ਕੌਂਸਿਲ ਫਾਰ ਕਲਚਰਲ ਰਿਲ਼ੇਸਨਜ (ICCR) ਵੱਲੋਂ ਸਿਤਾਰ ਵਾਦਨ ਦੇ ਪ੍ਰਚਾਰ ਹਿੱਤ ਤਿੰਨ ਸਾਲ ਲਈ ਫਿਜੀ ਭੇਜਿਆ ਗਿਆ। ਇਸ ਉਪਰੰਤ ਆਪ ਨੇ ਇੰਗਲੈਂਡ, ਅਮਰੀਕਾ, ਨਿਊਜ਼ੀਲੈਂਡ, ਸਿੰਘਾਪੁਰ, ਆਸਟਰੇਲੀਆ, ਹਾਲੈਂਡ, ਦੁਬਈ, ਕੈਨੇਡਾ ਆਦਿ ਦੇਸ਼ਾਂ ਵਿੱਚ ਸਿਤਾਰ ਵਾਦਨ ਕਰਕੇ ਭਾਰਤ ਦੇ ਨਾਮ ਨੂੰ ਖੂਬ ਚਮਕਾਇਆ। ਅੱਜ ਵੀ ਆਪ ਦੇਸ਼ਾਂ - ਵਿਦੇਸ਼ਾਂ ਵਿੱਚ ਸਿਤਾਰ ਵਾਦਨ ਦੇ ਪ੍ਰੋਗਰਾਮ ਪੇਸ਼ ਕਰ ਰਹੇ ਹਨ।

ਵਾਦਨ ਸ਼ੈਲੀ :- ਆਪ ਜੀ ਦੀ ਵਾਦਨ ਸ਼ੈਲੀ ਵਿੱਚ ਉਸਤਾਦ ਵਿਲਾਇਤ ਖਾਂ ਜੀ ਦੇ ਗਾਇਕੀ ਅੰਗ ਦੀ ਅਤੇ ਪਟਿਆਲੇ ਘਰਾਣੇ ਦੀਆਂ ਵਿਸ਼ੇਸ਼ਤਾਵਾਂ ਦੀ ਝਲਕ ਮਿਲਦੀ ਹੈ। ਆਪ ਆਪਣੇ ਸਿਤਾਰ ਵਾਦਨ ਨਾਲ ਸਰੋਤਿਆਂ ਉੱਪਰ ਜਾਦੂ ਵਰਗਾ ਅਸਰ ਕਰਦੇ ਹਨ। ਰੂਹਦਾਰੀ ਵਾਲਾ ਅਲਾਪ, ਲੈਅਕਾਰੀਆਂ ਵਾਲੇ ਤੋੜੇ, ਝਾਲਾ ਮੀਂਡ ਆਪ ਦੀ ਨਿੱਜੀ ਵਿਸ਼ੇਸ਼ਤਾ ਹਨ। ਤਾਲ ਅਤੇ ਲੈਅ ਉੱਪਰ ਆਪਦਾ ਖਾਸ ਅਧਿਕਾਰ ਹੈ। ਸ਼ਾਸਤਰੀ ਸਿਤਾਰ ਵਾਦਨ ਦੇ ਨਾਲ - 2 ਆਪ ਸੁਗਮ ਸੰਗੀਤ ਦੀਆਂ ਧੁਨਾਂ ਵਜਾਉਣਾ ਵੀ ਖਾਸ ਪਸੰਦ ਕਰਦੇ ਹਨ। ਆਪ ਦੇ ਸੁਗਮ ਸੰਗੀਤ ਦੇ ਸਪਰਸ਼ ਬਹੁਤ ਦਿਲਖਿਚਵੇਂ ਲੱਗਦੇ ਹਨ। ਆਪ ਜੀ ਦੇ ਮਨਪਸੰਦ ਰਾਗਾਂ ਵਿੱਚੋਂ ਯਮਨ, ਪੂਰੀਆ

ਧਨਾਸ਼ਰੀ, ਬਾਗੇਸ਼ਵਰੀ, ਮਾਲਕੌਂਸ, ਚੰਦਰਕੌਂਸ, ਪੀਲੂ, ਭੈਰਵੀ ਆਦਿ ਰਾਗ ਸ਼ਾਮਿਲ ਹਨ। ਆਪਨੇ ਇਕ ਨਵੀਨ ਰਾਗ ਪੀਲੂਕੌਂਸ ਦੀ ਰਚਨਾ ਵੀ ਕੀਤੀ ਹੈ। ਇਸ ਵਿੱਚ ਆਪਨੇ ਪੀਲੂ ਅੰਗ ਅਤੇ ਕੌਂਸ ਅੰਗ ਦਾ ਮਿਸ਼ਰਣ ਕੀਤਾ ਹੈ। ਅਪਨੇ ਸੈਂਕੜੇ ਵਾਦਵ੍ਰਿੰਦ ਦੀਆਂ ਰਚਨਾਵਾਂ ਦੀ ਰਚਨਾ ਵੀ ਕੀਤੀ ਹੈ।

ਸਨਮਾਨ ਅਤੇ ਉਪਾਧੀਆ :- ਸੰਗੀਤ ਪ੍ਰਤੀ ਆਪ ਜੀ ਦੀ ਮਹਾਨ ਦੇਣ ਲਈ ਆਪ ਜੀ ਨੂੰ ਸਨਮਾਨ ਵੀ ਪ੍ਰਾਪਤ ਹੋਏ ਹਨ। 'ਸੰਗੀਤ ਭਾਰਤੀ ਬੀਕਾਨੇਰ, ਰਾਜਸਥਾਨ' ਵੱਲੋਂ ਆਪ ਜੀ ਨੂੰ 'ਕਲਾ ਸ੍ਰੀ' ਦੀ ਉਪਾਧੀ ਪ੍ਰਦਾਨ ਕੀਤੀ ਗਈ। ਪੰਜਾਬੀ ਯੂਨੀਵਰਸਿਟੀ ਪਟਿਆਲਾ 'ਵੱਲੋ' ਪੰਜਾਬ ਸੰਗੀਤ ਰਤਨ ਪੁਰਸਕਾਰ ਨਾਲ ਆਪ ਜੀ ਨੂੰ ਸਨਮਾਨਿਆ ਗਿਆ। 'ਦਾ ਟ੍ਰਿਬਿਊਨ', ਇੰਡੀਅਨ ਐਕਸਪ੍ਰੈਸ, ਹਿੰਦੁਸਤਾਨ ਟਾਈਮਜ਼ ਅਤੇ ਹੋਰ ਕਈ ਅਖਬਾਰਾਂ ਨੇ ਵੀ ਆਪ ਜੀ ਦੀ ਪ੍ਰਸੰਸਾ ਵਿੱਚ ਲਿਖਿਆ ਹੈ।

ਸ਼ਾਗਿਰਦ :- ਸੰਗੀਤ ਜਗਤ ਦੀ ਸੇਵਾ ਕਰਦਿਆਂ ਆਪ ਜੀ ਨੇ ਸੰਗੀਤ ਜਗਤ ਲਈ ਕਈ ਸ਼ਿਸ ਵੀ ਤਿਆਰ ਕੀਤੇ ਹਨ। ਆਪ ਜੀ ਦੇ ਸ਼ਿਸ਼ ਵੱਖ - 2 ਸਿੱਖਿਆ ਅਦਾਰਿਆਂ ਵਿੱਚ ਬਤੌਰ ਰੀਡਰ, ਲੈਕਚਰਾਰ, ਪ੍ਰਿੰਸੀਪਲ ਸੇਵਾ ਨਿਭਾ ਰਹੇ ਹਨ। ਆਪ ਜੀ ਦੇ ਸ਼ਾਗਿਰਦਾਂ ਵਿੱਚ ਆਪ ਜੀ ਦੇ ਆਪਣੇ ਭਰਾ ਸ਼੍ਰੀ ਅਨਿਲ ਨਰੂਲਾ ਜੀ, ਡਾ. ਸ਼ਰਨਜੀਤ ਕੌਰ, ਡਾ. ਸ਼ੋਭਾ ਸ਼ਰਮਾ, ਡਾ. ਦਵਿੰਦਰ ਕੌਰ, ਸ਼੍ਰੀ ਮਤੀ ਜਸਬੀਰ ਕੌਰ, ਸ. ਧਰਮਵੀਰ ਸਿੰਘ (ਇੰਗਲੈਂਡ), ਡਾ. ਗੁਰਚਰਨ ਸਿੰਘ, ਡਾ. ਮਨਮੋਹਨ ਸ਼ਰਮਾ ਆਦਿ ਦੇ ਨਾਮ ਵਰਨਣਯੋਗ ਹਨ।

ਆਪ ਸੰਨ 2006 ਵਿੱਚ ਸਰਕਾਰੀ ਕਾਲਜ ਸੁਨਾਮ ਤੋਂ ਬਤੌਰ ਪ੍ਰਿੰਸੀਪਲ ਰਿਟਾਇਰ ਹੋ ਚੁੱਕੇ ਹਨ ਅੱਜ 68 ਸਾਲ ਦੀ ਉਮਰ ਵਿੱਚ ਵੀ ਸ਼੍ਰੀ ਨਰਿੰਦਰ ਨਰੂਲਾ ਜੀ ਬਾਖੂਬੀ ਸਿਤਾਰ ਵਜਾ ਰਹੇ ਹਨ । ਅੱਜ ਵੀ ਆਪ ਦੇਸ਼ਾਂ - ਵਿਦੇਸ਼ਾਂ ਵਿੱਚ ਸਿਤਾਰ ਵਾਦਨ ਦੇ ਪ੍ਰੋਗਰਾਮ ਪੇਸ਼ ਕਰ ਰਹੇ ਹਨ ਅਤੇ ਸੰਗੀਤ ਦੇ ਵਿਦਿਆਰਥੀਆਂ ਨੂੰ ਸਿੱਖਿਆ ਦੇ ਰਹੇ ਹਨ। ਪ੍ਰਮਾਤਮਾ ਆਪ ਜੀ ਨੂੰ ਲੰਬੀ ਉਮਰ ਬਖਸ਼ੇ ਅਤੇ ਸੰਗੀਤ ਜਗਤ ਦੇ ਆਸਮਾਨ ਵਿੱਚ ਇਸ ਸਿਤਾਰੇ ਦਾ ਨਾਮ ਹਮੇਸ਼ਾ ਹੀ ਚਮਕਦਾ ਰਹੇ।

## ਪਾਠ - ਅਭਿਆਸ

### ਵਸਤੁਨਿਸ਼ਠ

1. ਸ਼੍ਰੀ ਨਰਿੰਦਰ ਨਰੂਲਾ ਜੀ ਦਾ ਜਨਮ ਕਦੋਂ ਤੇ ਕਿੱਥੇ ਹੋਇਆ ?
2. ਸ਼੍ਰੀ ਨਰਿੰਦਰ ਨਰੂਲਾ ਜੀ ਕਿਹੜਾ ਸਾਜ਼ ਵਜਾਉਂਦੇ ਹਨ ?
3. ਸ਼੍ਰੀ ਨਰਿੰਦਰ ਨਰੂਲਾ ਜੀ ਦੇ ਗੁਰੂ ਦਾ ਨਾਂ ਦੱਸੋ?
4. ਸ਼੍ਰੀ ਨਰਿੰਦਰ ਨਰੂਲਾ ਜੀ ਦੀ ਵਾਦਨ ਸ਼ੈਲੀ ਦੀ ਕੋਈ ਇੱਕ ਵਿਸ਼ੇਸ਼ਤਾ ਲਿਖੋ?
5. ਸ਼੍ਰੀ ਨਰਿੰਦਰ ਨਰੂਲਾ ਜੀ ਦੀਆਂ ਸਨਮਾਨ ਤੇ ਉਪਾਧੀਆਂ ਬਾਰੇ ਦੱਸੋ ?
6. ਸ਼੍ਰੀ ਨਰਿੰਦਰ ਨਰੂਲਾ ਜੀ ਦੇ ਸ਼ਾਗਿਰਦਾਂ ਦੇ ਨਾਂ ਦੱਸੋ ?

### ਅਧਿਆਪਕ ਲਈ

ਅਧਿਆਪਕ ਵਿਦਿਆਰਥੀਆਂ ਨੂੰ ਹੋਰ ਸਿਤਾਰ ਵਾਦਕਾਂ ਬਾਰੇ ਜਾਣਕਾਰੀ

## ਪਾਠ - 5

ਭਾਰਤੀ ਸੰਗੀਤ ਵਿੱਚ ਸਾਜਾ (ਵਾਦਾਂ) ਦਾ ਵਰਗੀਕਰਣ :- ਤੱਤ ਵਾਦ, ਸ਼ੁਸ਼ਿਰ ਵਾਦ, ਅਵਨੱਧ ਵਾਦ, ਘਨ ਵਾਦ

ਭਾਰਤੀ ਸੰਗੀਤ ਵਿੱਚ ਵਜਾਏ ਜਾਣ ਵਾਲੇ ਯੰਤਰ ਨੂੰ ਵਾਦ ਜਾਂ ਸਾਜ ਕਹਿੰਦੇ ਹਨ। ਸੰਗੀਤ ਵਿੱਚ ਵਜਣ ਵਾਲੇ ਸਾਰੇ ਸਾਜ ਤਾਲ ਦੇਣ ਲਈ ਵਰਤੇ ਜਾਂਦੇ ਹਨ।ਪ੍ਰੰਤੂ ਕੁਝ ਸਾਜ ਇਸ ਤਰ੍ਹਾਂ ਦੇ ਹਨ ਜਿਨ੍ਹਾਂ ਦੀਆਂ ਤਾਰਾਂ ਨੂੰ ਜਿਨਾਂ ਸਵਰਾਂ ਵਿੱਚ ਮਿਲਾਇਆ ਜਾਂਦਾ ਹੈ ਅਤੇ ਉਹ ਸਾਜ਼ ਉਹਨਾਂ ਸਵਰਾਂ ਵਿੱਚ ਹੀ ਗੂੰਜਦੇ ਹਨ। ਜਿਵੇਂ ਤਾਨਪੁਰਾ, ਸਵਰਮੰਡਲ, ਆਦਿ ਕੁਝ ਸਾਜ ਐਸੇ ਵੀ ਹਨ ਜਿਹੜੇ ਕੇਵਲ ਲੈਅ ਹੀ ਦਿਖਾਂਦੇ ਹਨ ਜਿਵੇਂ ਖੜਤਾਲ, ਚਿਮਟਾ, ਮਜੀਰਾ ਆਦਿ। ਇਹਨਾਂ ਸਾਜਾਂ ਦੇ ਪ੍ਰਯੋਗ ਦੇ ਅਧਾਰ ਤੇ ਹੀ ਭਾਰਤੀ ਵਾਦਾਂ ਦਾ ਵਰਗੀਕਰਣ ਚਾਰ ਭਾਗਾਂ ਵਿੱਚ ਕੀਤਾ ਗਿਆ ਹੈ।

(1) ਤੱਤ ਵਾਦ

(2) ਸ਼ੁਸ਼ਿਰ ਵਾਦ

(3) ਅਵਨਧ ਵਾਦ

(4) ਘਨ ਵਾਦ

1. ਤੱਤ ਵਾਦ :- ਜਿਹਨਾਂ ਵਾਦਾਂ ਤੇ ਤਾਰ ਚੜਾਏ ਜਾਂਦੇ ਹਨ ਉਨ੍ਹਾਂ ਵਾਦਾਂ ਨੂੰ ਉਹਨਾਂ ਦੀਆਂ ਤਾਰਾਂ ਤੇ ਰਗੜ ਪ੍ਰਹਾਰ ਜਾਂ ਅਘਾਤ ਦੇ ਦੁਆਰਾ ਧੁਨੀ ਪੈਦਾ ਕੀਤੀ ਜਾਂਦੀ ਹੈ ਸਿਤਾਰ, ਸੋਰਦ, ਸਾਰੰਗੀ ਆਦਿ ਇਹਨਾਂ ਵਾਦਾਂ ਤੇ ਪ੍ਰਹਾਰ ਕਰਦੇ ਹੋਏ ਅਤੇ ਤਾਰਾਂ ਨੂੰ ਉਂਗਲਾ ਨਾਲ ਦਬਾਉਦੇ ਹੋਏ ਵਜਾਂਦੇ ਹਨ। ਜਿਵੇਂ ਸਿਤਾਰ, ਸਰੋਦ ਆਦਿ ਹਨ। ਕੁਝ ਵਾਦ ਇਸ ਪ੍ਰਕਾਰ ਦੇ ਹਨ ਜਿਹਨਾਂ ਤੇ ਚੜਾਏ ਹੋਏ ਤਾਰਾਂ ਨੂੰ ਰਾਗ ਅਨੁਸਾਰ ਵਾਦਾਂ ਵਿੱਚ ਮਿਲਾਇਆ ਜਾਂਦਾ ਹੈ। ਉਸਦੇ ਬਾਅਦ ਉਹਨਾਂ ਤਾਰਾਂ ਤੇ ਕਿਸੇ ਚੀਜ ਦੁਆਰਾ ਅਘਾਤ ਕਰਕੇ ਭਿੰਨ - ਭਿੰਨ ਸਵਰ ਵਜਾਹੇ ਜਾਂਦੇ ਹਨ। ਜਿਵੇਂ ਸੰਤੂਰ, ਸਬਰਮੰਡਲ, ਤਾਨਪੁਰਾ, ਆਦਿ ਤੱਤ ਵਾਦਾਂ ਨੂੰ ਵੀ ਅੱਗੇ ਦੋ ਭਾਗਾਂ ਵਿੱਚ ਵੰਡਿਆ ਜਾਂਦਾ ਹੈ।

(1) ਤੱਤ ਵਾਦ :- ਉਹ ਵਾਦ ਜਿਹਨਾਂ ਦੀਆਂ ਤਾਰਾਂ ਤੇ ਇਸੇ ਵਸਤੂ ਦੁਆਰਾ ਅਘਾਤ ਜਾਂ ਪ੍ਰਹਾਰ ਕਰਕੇ ਧੁਨੀ ਪੈਦਾ ਕੀਤੀ ਜਾਂਦੀ ਹੈ।ਉਹ ਤੱਤ ਵਾਦ ਕਹਾਉਂਦੇ ਹਨ ਜਿਵੇਂ - ਸਿਤਾਰ, ਸਰੋਦ, ਬੈਂਜੋ ਆਦਿ।

(2) ਵਿੱਤਤ ਵਾਦ :- ਇਹ ਐਸੇ ਵਾਦ ਹਨ ਜਿਨਾਂ ਦੀਆਂ ਤਾਰਾਂ ਨੂੰ ਕਿਸੇ ਹੋਰ ਵਸਤੂ ਦੁਆਰਾ ਰਗੜ ਕੇ ਧੁਨੀ ਪੈਦਾ ਕੀਤੀ ਜਾਂਦੀ ਹੈ ਜਿਵੇਂ - ਸਾਰੰਗੀ, ਦਿਲਰੁਬਾ ਆਦਿ।

2. ਸ਼ੁਸ਼ਿਰ ਵਾਦ :- ਜਿਹਨਾਂ ਵਾਦਾਂ ਵਿਚ ਹਵਾ ਭਰ ਕੇ ਜਾਂ ਫੂਕ ਮਾਰ ਕੇ ਸਵਰ ਨਿਕਾਲੇ ਜਾਂਦੇ ਹਨ।ਉਹਨਾਂ ਨੂੰ ਸ਼ੁਸ਼ਿਰ ਵਾਦ ਕਹਿੰਦੇ ਹਨ।ਜਿਵੇਂ - ਸ਼ਹਿਨਾਈ, ਬਾਂਸੁਰੀ ਇਹ ਵਾਦ ਵੀ ਦੋ ਪ੍ਰਕਾਰ ਦੇ ਹਨ।

(1) ਉਹ ਵਾਦ ਜਿਹਨਾਂ ਵਿੱਚ ਨੂੰਹ ਨਾਲ ਹਵਾ ਭਰਕੇ ਜਾਂ ਫੂਕ ਮਾਰਕੇ ਸਟਗ ਦੀ ਉਤਪਤੀ ਕੀਤੀ ਜਾਂਦੀ ਹੈ ਜਿਵੇਂ ਬਾਂਸੁਰੀ, ਸ਼ਹਿਨਾਈ ਆਦਿ।

(2) ਉਹ ਵਾਦ ਜਿਹਨਾਂ ਵਿੱਚ ਹਵਾ ਧੋਕਣੀ ਜਾਂ ਪੱਖੇ ਦੁਆਰਾ ਹਵਾ ਭਰ ਕੇ ਸਵਰਾਂ ਦੀ ਉਤਪਤੀ ਕੀਤੀ

ਜਾਂਦੀ ਹੈ ਜਿਵੇਂ ਹਰਮੋਨੀਅਮ, ਪਿਆਨੋ ਆਦਿ।

3. ਅਨਵਦ ਵਾਦ :- ਜਿਹਨਾਂ ਵਾਦਾਂ ਦੇ ਮੂੰਹ ਤੇ ਚਮੜ ਮੜਿਆ ਹੁੰਦਾ ਹੈ ਉਨ੍ਹਾਂ ਨੂੰ ਅਵਨਦ ਵਾਦ ਕਹਿੰਦੇ ਹਨ ਜਿਵੇ ਢੋਲਕੀ, ਤਬਲਾ, ਢੋਲ, ਪਖਾਵਜ, ਮ੍ਰਿੰਦਰਾ ਆਦਿ। ਇਨ੍ਹਾਂ ਵਾਦਾਂ ਦਾ ਪ੍ਰਯੋਗ ਵੀ ਦੋ ਤਰ੍ਹਾਂ ਨਾਲ ਕੀਤਾ ਜਾਂਦਾ ਹੈ। ਇੱਕ ਗਾਯਕ ਜਾਂ ਵਾਦਦ ਦੀ ਸੰਗਤ ਕਰਨ ਲਈ ਇਹ ਵਾਦ ਬਜਾਏ ਜਾਂਦੇ ਹਨ। ਦੂਜਾ ਇਨ੍ਹਾਂ ਵਾਦਾਂ ਦਾ ਪ੍ਰਯੋਗ ਏਕਲ ਵਾਦਨ ਦੇ ਰੂਪ ਵਿੱਚ ਵੀ ਕੀਤਾ ਜਾਂਦਾ ਹੈ।

4. ਘਨ ਵਾਦ :- ਐਸੇ ਵਾਦ ਜਿਹਨਾਂ ਨੂੰ ਆਪਸੀ ਰਗੜ ਤੋਂ ਧੁਨੀ ਪੈਦਾ ਕੀਤੀ ਜਾਂਦੀ ਹੈ। ਉਹ ਘਨ ਵਾਦ ਕਹਾਉਂਦੇ ਹਨ। ਇਹ ਵਾਦ ਲੱਕੜੀ, ਲੋਹੇ ਪੱਥਰ ਤੋਂ ਬਣੇ ਹੁੰਦੇ ਹਨ। ਜਿਵੇਂ ਜਲਤਰੰਗ, ਨਲ ਤਰੰਗ, ਮਜੀਰਾ, ਆਦਿ।

ਘਨ ਵਾਦ ਦੋ ਤਰ੍ਹਾਂ ਦੇ ਹੁੰਦੇ ਹਨ।

(1) ਭਿੰਨ - ਭਿੰਨ ਵਸਤੂਆਂ ਤੋਂ ਬਣੇ ਹੋਏ ਵਾਦ ਜਿਹਨਾਂ ਤੇ ਤਾਲਬੱਧ ਸੰਗੀਤਕ ਧੁਨਾਂ ਵਜਾਈਆਂ ਜਾਂਦੀਆਂ ਹਨ ਜਿਵੇਂ ਜਲਤਰੰਗ, ਨਲਤਰੰਗ, ਕਾਸ਼ਤਰੰਗ ਆਦਿ।

(2) ਕੁਝ ਘਨਵਾਦ ਐਸੇ ਹਨ ਜਿਹਨਾਂ ਦਾ ਪ੍ਰਯੋਗ ਕੇਵਲ ਲੈਅ - ਦੇਣ ਲਈ ਕੀਤਾ ਜਾਂਦਾ ਹੈ ਜਿਵੇਂ ਖੜਤਾਲ, ਮਜੀਰਾ, ਚਿਮਟਾ ਆਦਿ।

## ਪਾਠ - ਅਭਿਆਸ

### ਵਸਤੂਨਿਸ਼ਠ ਪ੍ਰਸ਼ਨ

1. ਭਾਰਤੀ ਸੰਗੀਤ ਦੇ ਸਾਜਾਂ ਦਾ ਵਰਗੀਕਰਣ ਕਿੰਨੇ ਭਾਗਾਂ ਵਿੱਚ ਕੀਤਾ ਗਿਆ ਹੈ ?
2. ਦੋ ਤੱਤ ਸਾਜਾਂ ਦੇ ਨਾਂ ਦੱਸੋ ?
3. ਹਰਮੋਨੀਅਮ ਅਤੇ ਬੰਸਰੀ ਕਿਹੜੇ ਵਰਗ ਵਿੱਚ ਆਉਂਦੇ ਹਨ ?
4. ਚਮੜੇ ਨਾਲ ਮੜ੍ਹੇ ਹੋਏ ਸਾਜਾਂ ਨੂੰ ਕੀ ਕਹਿੰਦੇ ਹਨ ?
5. ਦੋ ਘਨਵਾਦਾਂ ਦੇ ਨਾਂ ਦੱਸੋ ?
6. ਚਿਮਟਾ ਅਤੇ ਖੜਤਾਲ ਕਿਸ ਵਾਦਯ ਸ਼੍ਰੇਣੀ ਵਿੱਚ ਆਉਂਦੇ ਹਨ ?

### ਅਧਿਆਪਕ ਲਈ

| ਵਿਦਿਆਰਥੀਆਂ ਤੋਂ ਸਾਜਾਂ ਦੇ ਵਰਗੀਕਰਣ ਦਾ ਚਾਰਟ ਬਣਵਾਇਆ ਜਾਵੇ। |
|---|

## ਪਾਠ - 6

## ਮੇਰਾ ਮਨਭਾਉਂਦਾ ਵਿਸ਼ਾ - ਸੰਗੀਤ

ਅੱਜ ਦੀਪਿਕਾ ਦਾ ਗਿਆਰ੍ਹਵੀਂ ਜਮਾਤ ਵਿੱਚ ਪਹਿਲਾ ਦਿਨ ਸੀ। ਉਸਦੇ ਮਨ ਵਿੱਚ ਇਸ ਬਾਰੇ ਬਹੁਤ ਜ਼ਿਆਦਾ ਉਤਸ਼ਾਹ ਸੀ। ਹੁਣ ਉਸਨੇ ਸਾਰੇ ਵਿਸ਼ੇ ਆਪਣੀ ਪਸੰਦ ਦੇ ਰੱਖੇ ਸਨ। ਸਭ ਤੋਂ ਵੱਧ ਚਾਅ ਉਸਨੂੰ ਸੰਗੀਤ ਦੇ ਵਿਸ਼ੇ ਦੀ ਜਮਾਤ ਲਗਾਉਣ ਦਾ ਚੜ੍ਹਿਆ ਹੋਇਆ ਸੀ। ਹਾਈ ਸਕੂਲ ਵਿੱਚ ਸੰਗੀਤ ਦਾ ਵਿਸ਼ਾ ਨਾ ਹੋਣ ਕਾਰਨ ਉਸਦੀ ਸੰਗੀਤ ਵਿਸ਼ਾ ਲੈਣ ਦੀ ਇੱਛਾ ਪਹਿਲੀ ਵਾਰ ਪੂਰੀ ਹੋਈ ਸੀ।

ਸਕੂਲ ਵਿੱਚ ਤੀਜਾ ਪੀਰੀਅਡ ਸੰਗੀਤ ਵਿਸ਼ੇ ਦਾ ਸੀ। ਦੀਪਿਕਾ ਤੀਜਾ ਪੀਰੀਅਡ ਲਗਾਉਣ ਲਈ ਸੰਗੀਤ ਦੇ ਕਮਰੇ ਵਿੱਚ ਪਹੁੰਚੀ। ਉਸਦੇ ਸੰਗੀਤ ਅਧਿਆਪਕਾ ਸ਼੍ਰੀ ਮਤੀ ਸੁਰਿੰਦਰ ਕੌਰ ਬਹੁਤ ਹੀ ਚੰਗੇ ਸੁਭਾਅ ਦੇ ਮਾਲਕ ਸਨ। ਇਸ ਜਮਾਤ ਵਿੱਚ ਅਧਿਆਪਕਾਂ ਨੇ ਸਾਰੇ ਵਿਦਿਆਰਥੀਆਂ ਦੀ ਆਵਾਜ਼ ਸੁਣਨ ਲਈ ਪਹਿਲਾਂ ਉਨ੍ਹਾਂ ਤੋ ਂ ਗਾਣੇ ਸੁਣੇ। ਇਸ ਉਪਰੰਤ ਸ਼੍ਰੀ ਮਤੀ ਸੁਰਿੰਦਰ ਕੌਰ ਨੇ ਆਪ ਵਿਦਿਆਰਥੀਆਂ ਨੂੰ ਰਾਗ ਭੈਰਵ ਸੁਣਾਇਆ। ਵਿਦਿਆਰਥੀ ਸੁਣ ਕੇ ਬਹੁਤ ਖੁਸ਼ ਹੋਏ। ਦੀਪਿਕਾ ਨੇ ਅਧਿਆਪਕਾਂ ਨੂੰ ਪੁੱਛਦੇ ਹੋਏ ਕਿਹਾ, ''ਮੈਡਮ ਜੀ, ਸਾਨੂੰ ਤੁਹਾਡਾ ਗਾਣਾ ਸੁਣਨ ਵਿੱਚ ਤਾਂ ਬਹਤੁ ਚੰਗਾ ਲੱਗਾ ਹੈ, ਪਰ ਇਸ ਬਾਰੇ ਸਾਨੂੰ ਬਹੁਤਾ ਸਮਝ ਨਹੀ ਆਇਆ ਕਿ ਤੁਸੀਂ ਕੀ ਸੁਣਾਇਆ ਹੈ।'' ਅਧਿਆਪਕਾ ਨੇ ਪਿਆਰ ਨਾਲ ਉਸਦੇ ਸਿਰ ਤੇ ਹੱਥ ਰੱਖ ਕੇ ਸਮਝਾਉਂਦੇ ਹੋਏ ਕਿਹਾ, ''ਬੇਟਾ, ਮੈਂ ਤੁਹਾਨੂੰ ਰਾਗ ਭੈਰਵ ਸੁਣਾਇਆ ਹੈ। ਸੰਗੀਤ ਵਿੱਚ ਜੋ ਅਸੀਂ ਤੁਹਾਨੂੰ ਸਿਖਾਉਣਾ ਹੈ, ਉਹ ਰਾਗ ਗਾਇਨ ਹੀ ਹੈ।''

ਦੀਪਿਕਾ ਨੇ ਮੁੜ ਅਧਿਆਪਕਾ ਨੂੰ ਪੁੱਛਿਆ, ''ਮੈਡਮ ਜੀ, ਇਸ ਰਾਗ ਗਾਇਨ ਦਾ ਸਾਨੂੰ ਕੀ ਫਾਇਦਾ ਹੋਵੇਗਾ ''

ਇਸ ਗੱਲ ਨੂੰ ਸੁਣ ਕੇ ਅਧਿਆਪਕਾ ਜੀ ਮੁਸਕਰਾ ਪਏ ਤੇ ਕਹਿਣੇ ਲੱਗੇ, ''ਬੇਟਾ, ਇਸ ਸੰਗੀਤ ਦਾ ਸਾਡੇ ਜੀਵਨ ਵਿੱਚ ਬਹੁਤ ਜ਼ਿਆਦਾ ਮਹੱਤਵ ਮ ੰਨਿਆ ਗਿਆ ਹੈ। ਪੁਰਾਤਨ ਸਮੇਂ ਤੋਂ ਹੀ ਰਿਸ਼ੀਆਂ - ਮੁਨੀਆਂ ਨੇ ਸੰਗੀਤ ਨੂੰ ਮੋਕਸ਼ ਪ੍ਰਾਪਤੀ ਦਾ ਸਾਧਨ ਮੰਨਿਆ ਹੈ। ਅੱਜ ਦੇ ਤਨਾਵ ਭਰੇ ਜੀਵਨ ਵਿੱਚ ਵੀ ਸੰਗੀਤ ਦਾ ਓਨ੍ਹਾਂ ਹੀ ਮਹੱਤਵ ਹੈ। ਸੰਗੀਤ ਦਾ ਪ੍ਰਯੋਗ ਅੱਜ ਕਈ ਤਰ੍ਹਾਂ ਦੀਆਂ ਬਿਮਾਰੀਆਂ ਦੇ ਇਲਾਜ ਦੇ ਰੂਪ ਵਿੱਚ ਕੀਤਾ ਜਾ ਰਿਹਾ ਹੈ। ਕਿਹਾ ਜਾਂਦਾ ਹੈ ਕਿ ਉਸਤਾਦ ਸੂਰਜ ਖਾਂ ਨੇ ਰਾਮਪੁਰ ਦੇ ਨਵਾਬ ਨੂੰ ਰਾਗ ਜੈ ਜੈਵੰਤੀ ਸੁਣਾ ਕੇ ਉਹਨਾਂ ਦੀ ਅਧਰੰਗ ਦੀ ਬਿਮਾਰੀ ਠੀਕ ਕਰ ਦਿੱਤੀ ਸੀ। ਬੰਸਰੀ ਤੋਂ ਨਿਕਲਣ ਵਾਲੀਆਂ ਧੁਨਾਂ ਮਾਨਸਿਕ ਸ਼ਾਂਤੀ ਪ੍ਰਦਾਨ ਕਰਦੀਆਂ ਹਨ। ਰਾਗ ਆਸਾਵਰੀ ਸੁਣ ਕੇ ਘੱਟ ਬਲੱਡ ਪ੍ਰੈਸ਼ਰ ਦੇ ਮਰੀਜਾਂ ਨੂੰ ਆਰਾਮ ਪਹੁੰਚਦਾ ਹੈ।''

ਅਧਿਆਪਕਾ ਦੀਆਂ ਗੱਲਾਂ ਸੁਣ ਕੇ ਦੀਪਿਕਾ ਉਤਸ਼ਾਹ ਨਾਲ ਬੋਲ ਪਈ, ''ਮੈਡਮ ਜੀ, ਫੇਰ ਤਾਂ ਇਸ ਸੰਗੀਤ ਦਾ ਸਾਨੂੰ ਬਹੁਤ ਜ਼ਿਆਦਾ ਲਾਭ ਹੈ। ਇਸਦੀ ਵਰਤੋਂ ਹਸਪਤਾਲਾਂ ਵਿੱਚ ਵੀ ਕੀਤੀ ਜਾ ਸਕਦੀ ਹੈ''

ਅਧਿਆਪਕਾ ਜੀ ਮੁਸਕਰਾ ਦੇ ਬੋਲੇ, ''ਹਾਂ ਤੇਰੀ ਇਹ ਗੱਲ ਬਿਲਕੁੱਲ ਠੀਕ ਹੈ। ਏਨਾ ਹੀ ਨਹੀਂ, ਪੌਦਿਆਂ ਅਤੇ ਪਸ਼ੂਆਂ ਤੇ ਵੀ ਸੰਗੀਤ ਸੰਬੰਧੀ ਪ੍ਰਯੋਗ ਕੀਤੇ ਗਏ ਹਨ। ਪੌਦਿਆਂ ਨੂੰ ਰਾਗ ਗਾਇਨ ਸੁਣਾਉਣ ਨਾਲ ਉਹਨਾਂ

ਵਿੱਚ ਵਾਧਾ ਜਲਦੀ ਹੋਇਆ ਤੇ ਫੁੱਲ ਜਲਦੀ ਲੱਗ ਗਏ। ਰਾਗ ਬਾਗੇਸ਼ਵਰੀ ਸੁਣ ਕੇ ਗਾਵਾਂ ਵੱਧ ਦੁੱਧ ਦੇਣ ਲੱਗ ਪਈਆ।''

ਇੱਕ ਵਿਦਿਆਰਥਣ ਅਧਿਆਪਕਾ ਜੀ ਤੋਂ ਹੋਰ ਪੁੱਛਣ ਲੱਗੀ, ''ਮੈਡਮ ਜੀ, ਜੋ ਸੰਗੀਤ ਅਸੀਂ ਵਿਆਹ ਸ਼ਾਦੀਆਂ ਵਿੱਚ ਸੁਣਦੇ ਹਾਂ, ਉਹ ਸੁਣ ਕੇ ਤਾਂ ਕਈ ਵਾਰ ਸਾਡਾ ਸਿਰ ਵੀ ਦੁਖਣ ਲੱਗ ਪੈਂਦਾ ਹੈ।''

ਅਧਿਆਪਕਾ ਜੀ ਦੱਸਣ ਲਗੇ, ''ਹਾਂ ਬੇਟੇ, ਤੁਹਾਡੀ ਗੱਲ ਬਿਲਕੁੱਲ ਸਹੀ ਹੈ। ਅੱਜ ਸਮਾਜ ਵਿੱਚ ਜ਼ਿਆਦਾ ਸ਼ੋਰ - ਸ਼ਰਾਬੇ ਵਾਲੇ ਸੰਗੀਤ ਨੂੰ ਸੁਣਿਆ ਜਾ ਰਿਹਾ ਹੈ, ਜੋ ਕਿ ਹੋਰ ਤਨਾਵ ਦਿੰਦਾ ਹੈ। ਅੱਜ ਦੇ ਸਮੇਂ ਵਿੱਚ ਸਾਨੂੰ ਸ਼ਾਸਤਰੀ ਸੰਗੀਤ ਦਾ ਵਧੇਰੇ ਸਹਾਰਾ ਲੈਣਾ ਚਾਹੀਦਾ ਹੈ। ਸ਼ਾਸਤਰੀ ਸੰਗੀਤ ਨਾਲ ਕੁਝ ਸਮੇਂ ਲਈ ਆਪਣੀ ਬਿਮਾਰੀ ਤੱਕ ਭੁੱਲ ਜਾਂਦਾ ਹੈ। ਇਸ ਨਾਲ ਸਾਡੀ ਯਾਦ ਸ਼ਕਤੀ ਵਿੱਚ ਵਾਧਾ ਹੁੰਦਾ ਹੈ। ਇੱਥੋਂ ਤੱਕ ਕਿ ਬੱਚਿਆਂ ਨੂੰ ਪੜ੍ਹਾਈ ਵੀ ਸੰਗੀਤ ਦੀ ਸਹਾਇਤਾ ਨਾਲ ਕਰਵਾਈ ਜਾ ਰਹੀ ਹੈ। ਸੰਗੀਤ ਨਾਲ ਸਾਡਾ ਮਾਨਸਿਕ ਅਤੇ ਸਰੀਰਕ ਤਨਾਅ ਦੂਰ ਹੁੰਦਾ ਹੈ। ਇੱਥੋਂ ਤੱਕ ਕਿ ਨਸ਼ੇ ਦੇ ਆਦੀ ਮਨੁੱਖ ਨੂੰ ਨਸ਼ੇ ਛੱਡਣ ਵਿੱਚ ਸਹਾਇਤਾ ਕਰਦਾ ਹੈ।''

''ਮੈਡਮ ਜੀ ਕੀ ਸੰਗੀਤ ਦੀ ਪੜ੍ਹਾਈ ਕਰਕੇ ਅਸੀ ਕੋਈ ਨੌਕਰੀ ਵੀ ਪ੍ਰਾਪਤ ਕਰ ਸਕਦੇ ਹਾਂ,'' ਅਨੀਤਾ ਨੇ ਆਪਣੇ ਮਨ ਦੀ ਗੱਲ ਅਧਿਆਪਕਾ ਤੋਂ ਝਿਜਕਦੇ ਹੋਏ ਪੁੱਛੀ।

ਅਧਿਆਪਕਾ ਜੀ ਉੱਤਰ ਦਿੰਦੇ ਹੋਏ ਬੋਲੇ, ''ਹਾਂ ਬੇਟੇ, ਕਿਉਂ ਨਹੀਂ। ਸੰਗੀਤ ਦੀ ਪੜ੍ਹਾਈ ਕਰਕੇ ਤੁਸੀਂ ਅਧਿਆਪਨ ਕਿੱਤੇ ਵਿੱਚ ਨੌਕਰੀ, ਸੰਗੀਤ ਕੰਪਨੀਆਂ ਅਤੇ ਨਾਟਕ ਕੰਪਨੀਆਂ ਵਿੱਚ ਨੌਕਰੀ, ਰੇਡੀਉ ਜਾਂਕੀ ਪਾਰਸ਼ਵ ਗਾਇਕ ਦੇ ਤੌਰ ਤੇ ਕੰਮ ਕਰ ਸਕਦੇ ਹੋ ਅਤੇ ਸੰਗੀਤ ਅਕੈਡਮੀ ਵੀ ਖੋਲ ਸਕਦੇ ਹੋ।''

ਐਨੇ ਵਿੱਚ ਪੀਰੀਅਡ ਖਤਮ ਹੋਣ ਦੀ ਘੰਟੀ ਵੱਜ ਗਈ। ਅਧਿਆਪਕਾ ਜੀ ਨੇ ਕਿਹਾ, ''ਚਲੋ ਅੱਜ ਲਈ ਐਨਾ ਹੀ ਬਹੁਤ ਹੈ।''

ਦੀਪਿਕਾ ਖੁਸ਼ ਹੋ ਕੇ ਬੋਲੀ, ''ਮੈਡਮ ਜੀ ਇੱਕ ਤਾਂ ਪਹਿਲਾਂ ਹੀ ਆਪਣੀ ਪਸੰਦ ਦਾ ਵਿਸ਼ਾ ਲੈਣ ਕਰਕੇ ਮੈਂ ਬਹੁਤ ਖੁਸ਼ ਸੀ। ਜਦੋਂ ਮੈਂ ਕਿਸੇ ਨੂੰ ਗਾਉਂਦੇ ਵਜਾਉਂਦੇ ਹੋਏ ਸੁਣਦੀ ਸੀ ਤਾਂ ਮੇਰਾ ਵੀ ਦਿਲ ਕਰਦਾ ਸੀ ਕਿ ਮੈਂ ਵੀ ਸੰਗੀਤ ਸਿੱਖਾ। ਅੱਜ ਤੁਸੀਂ ਮੈਨੂੰ ਸੰਗੀਤ ਦੇ ਬਾਰੇ ਵਿੱਚ ਐਨਾ ਕੁਝ ਦੱਸਕੇ ਸੰਗੀਤ ਪ੍ਰਤੀ ਮੇਰੀ ਰੁਚੀ ਵਿੱਚ ਹੋਰ ਵਾਧਾ ਕਰ ਦਿੱਤਾ ਹੈ।''

ਇਸ ਤੋਂ ਬਾਅਦ ਸਾਰੇ ਵਿਦਿਆਰਥੀ ਆਪਣਾ ਅਗਲਾ ਪੀਰੀਅਡ ਲਗਾਉਣ ਲਈ ਚਲੇ ਗਏ।

## ਪਾਠ - ਅਭਿਆਸ

### ਵਸਤੂਨਿਸ਼ਠ ਪ੍ਰਸ਼ਨ

1. ਆਪਣੇ ਮੰਨ ਪਸੰਦ ਵਿਸ਼ੇ ਦਾ ਨਾਂ ਦੱਸੋ ?
2. ਸੰਗੀਤ ਕਿਹੜੇ ਸਮੇਂ ਤੋਂ ਸਾਡੇ ਨਾਲ ਚਲ ਰਿਹਾ ਹੈ ?
3. ਪੌਦਿਆਂ ਨੂੰ ਸੰਗੀਤ ਸੁਣਾਉਣ ਨਾਲ ਕੀ ਅਸਰ ਹੋਇਆ ?

4. ਕਿਹੜਾ ਰਾਗ ਸੁਣ ਕੇ ਘੱਟ ਬਲੱਡ ਪ੍ਰੈਸ਼ਰ ਦੇ ਮਰੀਜ਼ ਨੂੰ ਅਰਾਮ ਮਿਲਦਾ ਹੈ ?

5. ਸਰੀਰਕ ਤਨਾਅ ਖਤਮ ਕਰਨ ਲਈ ਸਾਨੂੰ ਕੀ ਸੁਣਨਾ ਚਾਹੀਦਾ ਹੈ ?

6. ਸੰਗੀਤ ਦੀ ਡਿਗਰੀ ਲੈ ਕੇ ਤੁਸੀਂ ਕਿਹੜੇ - ਕਿਹੜੇ ਕਿੱਤੇ ਵਿੱਚ ਜਾ ਸਕਦੇ ਹੋ ?

7. ਕਿਹੜੇ ਰਾਗ ਨੂੰ ਸੁਣ ਕੇ ਗਾਵਾਂ ਨੇ ਵੱਧ ਦੁੱਧ ਦੇਣ ਲਗੀਆਂ ?

ਅਧਿਆਪਕ ਲਈ

ਅਧਿਆਪਕ ਵਿਦਿਆਰਥੀਆਂ ਨੂੰ ਸੰਗੀਤ ਦੀ ਮਹੱਤਤਾ ਦਸਣ ਤਾਂ ਜੋ ਵਿਦਿਆਰਥੀ ਇਹ ਵਿਸ਼ਾ ਆਪਣਾ ਮੰਨ ਪਸੰਦ ਵਿਸ਼ੇ ਵਾਗ ਪੜਣ।

# ਪਾਠ - 7

## ਇਤਿਹਾਸ - ਅੰਸਵਰਣਨ

**ਸੰਗੀਤ ਦਾ ਸਾਜ਼ ਸਿਤਾਰ -** ਸਿਤਾਰ ਭਾਰਤੀ ਸੰਗੀਤ ਸਾਜਾਂ ਦੀ ਸ਼੍ਰੇਣੀ ਦਾ ਇੱਕ ਪ੍ਰਮੁੱਖ ਤੰਤਰੀ ਸਾਜ਼ ਹੈ। ਭਾਰਤ ਦੇ ਨਾਲ - ਨਾਲ ਵਿਦੇਸ਼ਾਂ ਵਿੱਚ ਵੀ ਇਸ ਸਾਜ਼ ਨੂੰ ਪ੍ਰਸਿੱਧੀ ਪ੍ਰਾਪਤ ਹੈ। ਅੱਜ ਭਾਰਤ ਵਿੱਚ ਸਕੂਲਾਂ, ਕਾਲਜਾਂ ਵਿੱਚ ਇਸ ਸਾਜ਼ ਨੂੰ ਵਿਸ਼ੇ ਦੇ ਤੌਰ ਤੇ ਸਿਖਾਇਆ ਜਾਂਦਾ ਹੈ। ਇਸ ਸਾਜ਼ ਨੇ ਭਾਰਤੀ ਸੰਗੀਤ ਦੀ ਕੀਰਤੀ ਨੂੰ ਵਿਦੇਸ਼ਾਂ ਵਿੱਚ ਵੀ ਪਹੁੰਚਾਇਆ ਹੈ। ਭਾਰਤ ਤੋਂ ਬਹੁਤ ਸਾਰੇ ਸਿਤਾਰ ਵਾਦਕ ਇਸ ਸਾਜ਼ ਦੀ ਸਿਖਲਾਈ ਦੇਣ ਲਈ ਵਿਦੇਸ਼ਾਂ ਵਿੱਚ ਵੀ ਜਾਂਦੇ ਹਨ।

**ਸਿਤਾਰ ਦਾ ਆਵਿਸ਼ਕਾਰ (ਇਤਿਹਾਸ) -** ਸਿਤਾਰ ਦਾ ਆਵਿਸ਼ਕਾਰ ਲਗਭਗ ਚੌਦਵੀਂ ਸ਼ਤਾਬਦੀ ਵਿੱਚ ਹੋਇਆ। ਸਿਤਾਰ ਦੇ ਆਵਿਸ਼ਕਾਰ ਦੇ ਵਿਸ਼ੇ ਦੇ ਬਾਰੇ ਵਿੱਚ ਭਿੰਨ - ਭਿੰਨ ਮੱਤ ਪ੍ਰਚਲਿਤ ਹਨ ਇਕ ਮੱਤ ਦੇ ਅਨੁਸਾਰ ਉਹਨਾਂ ਦਾ ਆਵਿਸ਼ਕਾਰ ਤਾਰਾਂ ਵਾਲੀ ਵੀਣਾ ਦੇ ਆਧਾਰ ਤੇ ਹੋਇਆ। ਆਰੰਭ ਵਿੱਚ ਇਸ ਸਾਜ਼ ਦਾ ਨਾਮ 'ਸੇਹਤਾਰ' ਰੱਖਿਆ ਗਿਆ। 'ਸੇਹਤਾਰ' ਫਾਰਸੀ ਭਾਸ਼ਾ ਦਾ ਸ਼ਬਦ ਹੈ। 'ਸੇਹ' ਦਾ ਅਰਥ ਹੈ - ਤਿੰਨ। ਇਸ ਲਈ 'ਸੇਹਤਾਰ' ਦਾ ਅਰਥ ਹੋਇਆ ਤਿੰਨ ਤਾਰਾਂ ਵਾਲਾ ਸਾਜ਼। ਹੌਲੀ - 2 ਇਸ ਸਾਜ਼ ਦਾ ਨਾਮ ਬਦਲ ਕੇ ਸਿਤਾਰ ਹੋ ਗਿਆ।

ਦੂਜੇ ਮੱਤ ਦੇ ਅਨੁਸਾਰ ਸਿਤਾਰ ਦਾ ਆਵਿਸ਼ਕਾਰ 14 ਵੀਂ ਸ਼ਤਾਬਦੀ ਵਿੱਚ ਅਲਾਉਦੀਨ ਖਿਲਜੀ (1296 ਈ: - 1316 ਈ:) ਦੇ ਦਰਬਾਰੀ ਸੰਗੀਤਕਾਰ ਹਜ਼ਰਤ ਅਮੀਰ ਖੁਸਰੋ (1253 ਈ: - 1325 ਈ:) ਨੇ ਕੀਤਾ। ਅਮੀਰ ਖੁਸਰੋ ਨੇ ਇਸ ਸਾਜ਼ ਦਾ ਆਵਿਸ਼ਕਾਰ ਵੀਣਾ ਦੇ ਆਧਾਰ ਤੇ ਕੀਤਾ। ਕੁਝ ਵਿਦਵਾਨਾਂ ਦੇ ਅਨੁਸਾਰ ਉਹਨਾਂ ਨੇ ਇਸ ਸਾਜ ਦਾ ਆਵਿਸ਼ਕਾਰ ਪਰਸ਼ੀਅਨ ਸਾਜ 'ਊਦ' ਦੇ ਆਧਾਰ ਤੇ ਕੀਤਾ। ਸ਼ੁਰੂ ਵਿੱਚ ਇਸ ਸਾਜ ਵਿੱਚ ਤਾਰਾਂ ਦੀ ਸੰਖਿਆ ਤਿੰਨ ਸੀ ਅਤੇ ਪਰਦਿਆਂ ਦੀ ਸੰਖਿਆ 14 ਸੀ। ਹੌਲੀ - ਹੌਲੀ ਇਸ ਵਿੱਚ ਤਾਰਾ ਦੀ ਸੰਖਿਆ ਛੇ ਅਤੇ ਫਿਰ ਸੱਤ ਹੋ ਗਈ ਅਤੇ 16 ਤੋਂ 24 ਤੱਕ ਪਰਦੇ ਲਗਾਏ ਜਾਣ ਲੱਗ ਪਏ। ਆਧੁਨਿਕ ਖੋਜਾਂ ਦੇ ਆਧਾਰ ਤੇ ਕਈ ਵਿਦਵਾਨ ਅਮੀਰ ਖੁਸਰੋ ਨੂੰ ਸਿਤਾਰ ਦਾ ਆਵਿਸ਼ਕਾਰ ਨਹੀਂ ਮੰਨਦੇ । ਉਹਨਾਂ ਵਿਦਵਾਨਾਂ ਦਾ ਮੱਤ ਹੈ ਕਿ ਜੇਕਰ ਅਮੀਰ ਖੁਸਰੋ ਨੇ ਸਿਤਾਰ ਦਾ ਆਵਿਸ਼ਕਾਰ ਕੀਤਾ ਹੁੰਦਾ ਤਾਂ ਇਸਦਾ ਜਿਕਰ ਉਹ ਆਪਣੇ ਗ੍ਰੰਥ 'ਨੂਰਸਿਪਹਾਰ' ਅਤੇ 'ਕਿਰਾਨੁੱਸਾਦੇਨ' ਵਿੱਚ ਜ਼ਰੂਰ ਕਰਦੇ । ਇਨ੍ਹਾਂ ਗ੍ਰੰਥਾਂ ਵਿੱਚ ਅਮੀਰ ਖੁਸਰੋ ਨੇ ਸੰਗੀਤ ਦੇ ਹੋਰ ਵਿਸ਼ਿਆਂ ਦੀ ਚਰਚਾ ਤਾਂ ਕੀਤੀ ਹੈ, ਪਰ ਸਿਤਾਰ ਸਾਜ਼ ਬਾਰੇ ਕੁਝ ਵੀ ਲਿਖਿਆ ਹੋਇਆ ਨਹੀਂ ਮਿਲਦਾ ਜੇਕਰ ਉਸ ਸਮੇਂ ਤੱਕ ਸਿਤਾਰ ਦੀ ਖੋਜ ਹੋ ਚੁੱਕੀ ਹੁੰਦੀ ਤਾਂ ਅਮੀਰ ਖੁਸਰੋ ਜਾਂ ਉਹਨਾਂ ਦੇ ਸਮਕਾਲੀ ਇਤਿਹਾਸਕਾਰ 'ਅਬੁਲ ਫਜ਼ਲ' ਇਸ ਨਵੇਂ ਸਾਜ਼ ਦਾ ਜ਼ਿਕਰ ਆਪਣੇ ਗ੍ਰੰਥਾਂ ਵਿੱਚ ਜ਼ਰੂਰ ਹੀ ਕਰਦੇ।

ਤੀਜੇ ਮੱਤ ਦੇ ਅਨੁਸਾਰ ਸਿਤਾਰ ਦਾ ਆਵਿਸ਼ਕਾਰ ਸੱਤ ਤਾਰਾਂ ਵਾਲੀ ਵੀਣਾ ਦੇ ਆਧਾਰ ਤੇ ਹੋਇਆ। ਜਿਸਦਾ ਨਾਮ ਪਹਿਲਾਂ ਸੱਤਾਰ (ਸੱਤ ਤਾਰਾਂ ਵਾਲਾ) ਰੱਖਿਆ ਗਿਆ ਅਤੇ ਫਿਰ ਹੌਲੀ - 2 ਵਿਗੜ ਕੇ ਸਿਤਾਰ ਹੋ ਗਿਆ।

ਆਧੁਨਿਕ ਖੋਜਾਂ ਦੇ ਆਧਾਰ ਤੇ ਆਚਾਰਯ ਬ੍ਰਹਿਸਪਤੀ ਅਤੇ ਹੋਰ ਬਹੁਤ ਸਾਰੇ ਵਿਦਵਾਨਾਂ ਨੇ ਸਿਤਾਰ ਦੇ ਆਵਿਸ਼ਕਾਰ ਦਾ ਸਿਹਰਾ ਅਮੀਰ ਖੁਸਰੋ ਦੇ ਸਥਾਨ ਤੇ ਖੁਸਰੋ ਖਾਂ ਨੂੰ ਦਿੱਤਾ ਹੈ। ਖੁਸਰੋ ਖਾਂ ਤਾਨਸੇਨ ਦੇ ਦਾਮਾਦ ਮਿਸ਼ਰੀ ਸਿੰਘ ਵੀਣਾ ਵਾਦਕ ਦੇ ਵੰਸ਼ ਵਿੱਚ ਹੋਏ ਹਨ। ਖੁਸਰੋ ਖਾਂ ਅਤੇ ਨੇਮਤ ਖਾਂ ਦੋ ਭਰਾ ਹੋਏ ਹਨ। ਨੇਮਤ ਖਾਂ ਪ੍ਰਸਿੱਧ ਧਰੁਪਦ ਗਾਇਕ ਸਨ। ਉਨ੍ਹਾਂ ਨੇ ਸਦਾਰੰਗ ਉਪਨਾਮ ਨਾਲ ਸੈਂਕੜੇ ਬੰਦਿਸ਼ਾਂ ਰਚੀਆ। ਖੁਸਰੋ ਖਾਂ ਪ੍ਰਸਿੱਧ ਵੀਣਾ ਵਾਦਕ ਅਤੇ ਵਿਦਵਾਨ ਸਨ। ਇਹੀ ਖੁਸਰੋ ਖਾਂ ਸਿਤਾਰ ਦੇ ਆਵਿਸ਼ਕਾਰ ਸਨ। ਕਿਹਾ ਜਾਂਦਾ ਹੈ ਕਿ 'ਖੁਸਰੋ ਖਾਂ ' ਅਤੇ 'ਅਮੀਰ ਖੁਸਰੋ' ਦੇ ਨਾਮ ਵਿੱਚ ਸਮਾਨਤਾ ਹੋਣ ਦੇ ਕਾਰਨ ਅਮੀਰ ਖੁਸਰੋ ਨੂੰ ਸਿਤਾਰ ਦੇ ਆਵਿਸ਼ਕਾਰ ਦਾ ਸਿਹਰਾ ਦਿੱਤਾ ਗਿਆ। ਪਰ ਅਸਲ ਵਿੱਚ ਸਿਤਾਰ ਦੇ ਆਵਿਸ਼ਕਾਰ ਖੁਸਰੋ ਖਾਂ ਹੀ ਸਨ।

ਸਿਤਾਰ ਦਾ ਆਵਿਸ਼ਕਾਰ ਭਾਵੇਂ ਕੋਈ ਵੀ ਹੋਵੇ, ਪਰ ਸਿਤਾਰ ਨੂੰ ਵੀਣਾ ਦਾ ਹੀ ਪਰਵਰਤਿਤ ਰੂਪ ਮੰਨਿਆ ਜਾਂਦਾ ਹੈ।

ਸ਼ੁਰੂ ਵਿੱਚ ਤਿੰਨ ਤਾਰਾਂ ਵਾਲੇ ਸਿਤਾਰ ਦੇ ਰੂਪ ਵਿੱਚ ਕੋਈ ਪਰਿਵਰਤਨ ਨਹੀਂ ਆਇਆ। ਖੁਸਰੋ ਖਾਂ ਦੇ ਪੋਤਰੇ ਮਸੀਤ ਖਾਂ ਨੇ ਸਿਤਾਰ ਵਿੱਚ ਤਿੰਨ ਤਾਰ ਹੋਰ ਲਗਾ ਕੇ ਤਾਰਾਂ ਦੀ ਸੰਖਿਆ ਛੇ ਕਰ ਦਿੱਤੀ ਕੁਝ ਸਮੇਂ ਤੱਕ ਛੇ ਤਾਰਾਂ ਵਾਲਾ ਸਿਤਾਰ ਪ੍ਰਚਲਿਤ ਰਿਹਾ। ਬਾਅਦ ਵਿੱਚ ਇੱਕ ਤਾਰ ਹੋਰ ਜੁੜਨ ਨਾਲ ਤਾਰਾਂ ਦੀ ਸੰਖਿਆ ਸੱਤ ਹੋ ਗਈ। ਇਹਨਾਂ ਨੇ ਪਰਦਿਆਂ ਦੀ ਸੰਖਿਆ ਵਧਾ ਕੇ 16 ਤੋਂ 23 ਕਰ ਦਿੱਤੀ ਅਤੇ ਅਚੱਲ ਥਾਟ ਵਾਲੇ ਸਿਤਾਰ ਦਾ ਨਿਰਮਾਣ ਕੀਤਾ। ਮਸੀਤ ਖਾਂ ਨੇ ਸਿਤਾਰ ਉੱਪਰ ਵਿਲੰਬਿਤ ਲੈਅ ਦੀ ਇੱਕ ਨਵੀਨ ਵਾਦਨ ਸ਼ੈਲੀ ਦਾ ਆਵਿਸ਼ਕਾਰ ਕੀਤਾ ਜੋ ਬਾਅਦ ਵਿੱਚ ਇਹਨਾਂ ਦੇ ਨਾਮ ਤੇ ਹੀ 'ਮਸੀਤਖਾਨੀ ਗਤ' ਵਜੋਂ ਪ੍ਰਸਿੱਧ ਹੋਈ। ਮਸੀਤ ਖਾਂ ਦੇ ਪੁੱਤਰ ਰਹੀਮ ਸੇਨ ਅਤੇ ਪੋਤਰੇ ਅਮੀਰ ਖਾਂ ਨੇ ਇਸ ਸ਼ੈਲੀ ਦਾ ਬਹੁਤ ਪ੍ਰਚਾਰ ਕੀਤਾ। ਲਖਨਊ ਦੇ ਗੁਲਾਮ ਰਜਾ ਖਾਂ ਨੇ ਸਿਤਾਰ ਤੇ ਇਕ ਦਰੁੱਤ ਲੈਅ ਦੀ ਸ਼ੈਲੀ ਦਾ ਨਿਰਮਾਣ ਕੀਤਾ, ਜੋ ਉਹਨਾਂ ਦੇ ਨਾਮ ਤੇ ਰਜ਼ਾਖਾਨੀ ਗਤ ਵਜੋਂ ਪ੍ਰਸਿੱਧ ਹੋਈ।

ਜੈਪੁਰ ਘਰਾਣੇ ਦੇ ਅੰਮ੍ਰਿਤ ਸੇਨ ਅਤੇ ਨਿਹਾਲ ਸੇਨ ਨੇ ਵੀ ਸਿਤਾਰ ਦੇ ਰੂਪ ਵਿੱਚ ਪਰਿਵਰਤਨ ਕੀਤੇ। ਉਹਨਾਂ ਨੇ ਲੱਕੜੀ ਦੇ ਤੂੰਬੇ ਦੇ ਸਥਾਨ ਤੇ ਲੌਕੀ ਦੇ ਤੂੰਬੇ ਦਾ ਪ੍ਰਯੋਗ ਕੀਤਾ ਅਤੇ ਗੂੰਜ ਵਧਾਓਣ ਲਈ ਉਪਰਲੇ ਪਾਸੇ ਇੱਕ ਹੋਰ ਤੂੰਬਾ ਲਗਾਇਆ। ਇਸ ਘਰਾਣੇ ਦੇ ਅੰਤਿਮ ਵਾਦਕ ਅਮੀਰ ਖਾਂ ਦੀ ਸ਼ਿਸ਼ ਪਰੰਪਰਾ ਵਿੱਚੋਂ ਉ. ਇਮਦਾਦ ਖਾਂ ਹੋਏ ਹਨ। ਇਹਨਾਂ ਨੇ ਪਰਦਿਆਂ ਦੀ ਸੰਖਿਆ 23 ਤੋਂ ਘਟਾ ਕੇ 19 ਕਰ ਦਿੱਤੀ। ਸਿਤਾਰ ਵਿੱਚ ਤਰਬ ਦੇ ਤਾਰਾ ਦਾ ਪ੍ਰਚਲਨ ਝਨਕਾਰ ਵਧਾਉਣ ਲਈ ਕੀਤਾ। ਇਨ੍ਹਾਂ ਨੇ ਸੁਰ ਬਹਾਰ ਸ਼ੈਲੀ ਦੇ ਆਧਾਰ ਤੇ 'ਇਮਦਾਦਖਾਨੀ ਬਾਜ' ਦਾ ਪ੍ਰਚਲਨ ਕੀਤਾ। ਸਿਤਾਰ ਤੇ ਮੀਂਡ, ਘਸੀਟ, ਤੋੜੇ ਝਾਲਾ ਵਜਾਉਣ ਦੀ ਸ਼ੁਰੂਆਤ ਕੀਤੀ।

ਉ. ਇਮਦਾਦ ਖਾਂ ਦੇ ਪੁੱਤਰ ਇਨਾਇਤ ਖਾਂ ਹੋਏ ਹਨ। ਇਨਾਇਤ ਖਾਂ ਦੇ ਪੁੱਤਰ ਉ. ਵਿਲਾਇਤ ਖਾਂ ਪ੍ਰਸਿੱਧ ਸਿਤਾਰ ਵਾਦਕ ਸਨ। ਵਿਲਾਇਤ ਖਾਂ ਨੇ ਤੂੰਬੇ ਦੇ ਆਕਾਰ ਨੂੰ ਛੋਟਾ ਕੀਤਾ ਅਤੇ ਦੋ ਜੁੜੇ ਦੇ ਤਾਰਾਂ ਦੇ ਸਥਾਨ ਤੇ ਕੇਵਲ ਇੱਕ ਜੋੜੇ ਦਾ ਤਾਰ ਲਗਾਇਆ। ਪਿੱਤਲ ਦੇ ਪੰਚਮ ਦੇ ਤਾਰ ਦੇ ਸਥਾਨ ਤੇ ਲੋਹੇ ਦਾ ਪੰਚਮ ਦਾ ਤਾਰ ਲਗਾਇਆ। ਇਨਾਂ ਨੇ ਸਿਤਾਰ ਤੇ ਗਾਇਕੀ ਅੰਗ ਦੀ ਸ਼ੁਰੂਆਤ ਕੀਤੀ।

ਵਰਤਮਾਨ ਸਮੇਂ ਵਿੱਚ ਪੰ. ਰਵੀ ਸ਼ੰਕਰ ਨੇ ਸਿਤਾਰ ਅਤਿ ਮੰਦਰ ਸਪਤਕ ਦੇ ਲਰਜ਼ ਦਾ ਤਾਰ ਲਗਾਇਆ,

ਜਿਸ ਨਾਲ ਸਿਤਾਰ ਤੇ ਵੀਣਾ ਅੰਗ ਦਾ ਵਾਦਨ ਸੰਭਵ ਹੋ ਗਿਆ।

ਸਿਤਾਰ ਦਾ ਅੰਗ ਵਰਨਣ - ਸਿਤਾਰ ਦੇ ਵੱਖ - 2 ਭਾਗ ਹੁੰਦੇ ਹਨ ਜਿਵੇਂ ਤੂੰਬਾ, ਭਾਂਡ, ਗੁੱਲੂ, ਤਬਲੀ, ਜਵਾਰੀ, ਮਣਕਾ ਆਦਿ। ਇਨ੍ਹਾਂ ਦਾ ਵਰਨਣ ਇਸ ਪ੍ਰਕਾਰ ਹਨ :-

1. ਤੂੰਬਾ :- ਸਿਤਾਰ ਦਾ ਅਰਧ ਗੋਲਾਕਾਰ ਭਾਗ ਜੋ ਜੰਗਲੀ ਲੌਕੀ ਦਾ ਬਣਦਾ ਹੈ, ਉਸਨੂੰ ਤੂੰਬਾ ਕਹਿੰਦੇ ਹਨ। ਇਹ ਅੰਦਰੋਂ ਖੋਖਲਾ ਹੁੰਦਾ ਹੈ, ਤਾਂ ਜੋ ਆਵਾਜ਼ ਵਿੱਚ ਗੂੰਜ ਪੈਦਾ ਹੋ ਸਕੇ।
2. ਡਾਂਡ :- ਸਿਤਾਰ ਦਾ ਲੰਬਾ ਪੋਲਾ ਭਾਗ ਜੋ ਤੂੰਬੇ ਨਾਲ ਜੁੜਿਆ ਹੁੰਦਾ ਹੈ, ਇਸ ਨੂੰ ਡਾਂਡ ਕਹਿੰਦੇ ਹਨ। ਇਸ ਉੱਪਰ ਪਰਦੇ ਬੰਨ੍ਹੇ ਜਾਂਦੇ ਹਨ।
3. ਤਬਲੀ :- ਤੰਬੇ ਦੇ ਢੱਕਣ ਦੇ ਰੂਪ ਵਿੱਚ ਕੰਮ ਕਰਨ ਵਾਲਾ ਲੱਕੜੀ ਦਾ ਬਣਿਆ ਹੋਇਆ ਭਾਗ ਤਬਲੀ ਕਹਾਉਂਦਾ ਹੈ। ਤਬਲੀ ਉੱਪਰ ਘੁੜਚ ਨੂੰ ਟਿਕਾਇਆ ਜਾਂਦਾ ਹੈ।
4. ਗੁਲੂ :- ਜਿਸ ਸਥਾਨ ਤੇ ਤੂੰਬੇ ਅਤੇ ਡਾਂਡ ਦਾ ਜੋੜ ਹੁੰਦਾ ਹੈ ਉਸਨੂੰ ਗੁਲੂ ਕਹਿੰਦੇ ਹਨ।
5. ਲੰਗੋਟ :- ਤੂੰਬੇ ਦੇ ਹੇਠਾਂ ਵਾਲੇ ਪਾਸੇ ਇੱਕ ਕਿੱਲ ਲੱਗੀ ਹੁੰਦੀ ਹੈ। ਇਸਨੂੰ ਲੰਗੋਟ ਕਹਿੰਦੇ ਹਨ। ਤਾਰ ਇੱਕ ਪਾਸਿਉਂ ਲੰਗੋਟ ਨਾਲ ਬੰਨ੍ਹੇ ਹੁੰਦੇ ਹਨ ਅਤੇ ਦੂਜੇ ਪਾਸੇ ਖੂੰਟੀਆਂ ਨਾਲ ਬੰਨ੍ਹੇ ਹੁੰਦੇ ਹਨ।
6. ਘੁੜਚ :- ਘੁੜਚ ਇੱਕ ਛੋਟੀ ਜਿਹੀ ਚੌਕੀ ਦੇ ਆਕਾਰ ਦਾ ਹੁੰਦਾ ਹੈ। ਇਸਨੂੰ ਤਬਲੀ ਦੇ ਉੱਪਰ ਟਿਕਾਇਆ ਜਾਂਦਾ ਹੈ। ਲੰਗੋਟ ਨਾਲ ਬੰਨ੍ਹੀਆਂ ਤਾਰਾਂ ਘੁੜਚ ਦੇ ਉੱਪਰ ਦੀ ਹੋ ਕੇ ਲੰਘਦੀਆਂ ਹਨ। ਘੁੜਚ ਨੂੰ ਬ੍ਰਿਜ ਜਾਂ ਘੋੜੀ ਵੀ ਕਹਿੰਦੇ ਹਨ।
7. ਜਵਾਰੀ :- ਘੁੜਚ ਦੀ ਉਪਰਲੀ ਸਤ੍ਹਾ ਨੂੰ ਜਵਾਰੀ ਕਹਿੰਦ ਹਨ। ਜਵਾਰੀ ਦੀ ਸਤ੍ਹਾ ਇੱਕ ਸਮਾਨ ਹੋਣ ਨਾਲ ਸਵਰਾਂ ਦੀ ਆਵਾਜ਼ ਵਿੱਚ ਵਧੇਰੇ ਗੂੰਜ ਪੈਦਾ ਹੁੰਦੀ ਹੈ।
8. ਖੂੰਟੀਆਂ :- ਸਿਤਾਰ ਵਿੱਚ ਲੱਕੜ ਦੀਆਂ ਬਣੀਆਂ ਹੋਈਆਂ ਖੂੰਟੀਆਂ ਹਨ। ਤਾਰਾਂ ਦਾ ਦੂਸਰਾ ਸਿਰਾ ਇਨ੍ਹਾਂ ਖੂੰਟੀਆਂ ਨਾਲ ਬੰਨਿਆ ਹੁੰਦਾ ਹੈ। ਇਹ ਸਿਤਾਰ ਨੂੰ ਸੁਰ ਕਰਨ ਸਮੇਂ ਤਾਰ ਨੂੰ ਕੱਸਣ ਜਾਂ ਢਿੱਲਾ ਕਰਨ ਦੇ ਕੰਮ ਆਉਂਦੀਆਂ ਹਨ। ਸਿਤਾਰ ਵਿੱਚ ਮੁੱਖ ਸੱਤ ਖੂੰਟੀਆਂ ਹੁੰਦੀਆਂ ਹਨ। ਇਹ ਡਾਂਡ ਦੇ ਉੱਪਰਲੇ ਹਿੱਸੇ ਵਿੱਚ ਹੁੰਦੀਆਂ ਹਨ। ਇਸ ਤੋਂ ਇਲਾਵਾ ਤਰਬਾਂ ਦੀ ਸੰਖਿਆ ਦੇ ਅਨੁਸਾਰ ਛੋਟੀਆਂ ਖੂੰਟੀਆਂ ਹੁੰਦੀਆਂ ਹਨ, ਜੋ ਡਾਂਡ ਦੇ ਇੱਕ ਪਾਸੇ ਲੱਗੀਆਂ ਹੁੰਦੀਆਂ ਹਨ।
9. ਅੱਟੀ :- ਇਹ ਇੱਕ ਹੱਡੀ ਜਾਂ ਹਾਥੀ ਦੰਦ ਦੀ ਬਣੀ ਹੋਈ ਪੱਟੀ ਹੁੰਦੀ ਹੈ। ਤਾਰ ਇਸਦੇ ਉਪਰੋਂ ਦੀ ਹੋ ਕੇ ਖੂੰਟੀਆਂ ਤੱਕ ਜਾਂਦੇ ਹਨ।
10. ਤਾਰ ਗਹਿਣ :- ਤਾਰ ਗਹਿਣ ਵੀ ਹੱਡੀ ਦੀ ਬਣੀ ਹੋਈ ਇੱਕ ਪੱਟੀ ਹੁੰਦੀ ਹੈ, ਜਿਸ ਵਿੱਚ ਛੇਕ ਹੁੰਦੇ ਹਨ। ਅੱਟੀ ਉੱਪਰੋਂ ਹੋ ਕੇ ਤਾਰ, ਤਾਰ ਗਹਿਣ ਵਿਚਲੇ ਛੇਕਾਂ ਵਿੱਚੋਂ ਦੀ ਲੰਘਕੇ ਖੂੰਟੀਆਂ ਤੱਕ ਜਾਂਦੇ ਹਨ।
11. ਪਰਦੇ :- ਇਹ ਲੋਹੇ ਜਾਂ ਪਿੱਤਲ ਦੇ ਬਣੇ ਹੋਏ ਟੁਕੜੇ ਹੁੰਦੇ ਹਨ, ਜੋ ਅਰਧ ਗੋਲਾਕਾਰ ਭਾਗ ਵਿੱਚ ਮੁੜੇ ਹੁੰਦੇ ਹਨ। ਇਹਨਾਂ ਨੂੰ ਸਿਤਾਰ ਉੱਪਰ ਸਵਰ ਸਥਾਨ ਨਿਸ਼ਚਿਤ ਕਰਨ ਲਈ ਡਾਂਡ ਉੱਪਰ ਤਾਂਤ ਨਾਲ ਬੰਨ੍ਹਿਆ

ਜਾਂਦਾ ਹੈ। ਪਰਦਿਆਂ ਦੀ ਸੰਖਿਆ 16 ਤੋਂ 24 ਤੱਕ ਹੁੰਦੀ ਹੈ। 16 ਪਰਦਿਆਂ ਵਾਲਾ ਸਿਤਾਰ ਚਲ ਥਾਟ ਦਾ ਸਿਤਾਰ ਕਹਾਉਂਦਾ ਹੈ। 19 ਤੋਂ 24 ਪਰਦਿਆਂ ਤੱਕ ਦਾ ਸਿਤਾਰ ਅਚਲ ਥਾਟ ਦਾ ਸਿਤਾਰ ਕਹਾਉਂਦਾ ਹੈ, ਕਿਉਂਕਿ ਇਸ ਵਿੱਚ ਪਰਦਿਆਂ ਨੂੰ ਸਰਕਾਉਣਾ ਨਹੀਂ ਪੈਂਦਾ।

12. ਮਣਕਾ :- ਮਣਕੇ ਹਾਥੀ ਦੰਦ ਜਾਂ ਕੱਚ ਦੇ ਬਣੇ ਹੋਏ ਗੋਲ, ਚਪਟੇ, ਚਿੜੀ, ਬਤੱਖ, ਹਾਥੀ ਆਦਿ ਦੇ ਆਕਾਰ ਦੇ ਮੋਤੀ ਹੁੰਦੇ ਹਨ। ਮਣਕਾ ਤਾਰ ਵਿੱਚ ਲੰਗੋਟ ਦੇ ਨੇੜੇ ਤਬਲੀ ਉੱਪਰ ਜਾ ਡਾਂਡ ਦੇ ਸਿਰੇ ਵਿੱਚ ਖੂੰਟੀਆਂ ਦੇ ਨੇੜੇ ਪਰੋਇਆ ਜਾਂਦਾ ਹੈ। ਸਿਤਾਰ ਸੁਰ ਕਰਦੇ ਸਮੇਂ ਜੇਕਰ ਸੁਰ ਵਿੱਚ ਹਲਕਾ ਜਿਹਾ ਫਰਕ ਰਹਿ ਜਾਵੇ ਤਾ ਉਸ ਨੂੰ ਮਣਕੇ ਦੁਆਰਾ ਘੱਟ - ਵੱਧ ਕੀਤਾ ਜਾ ਸਕਦਾ ਹੈ।

13. ਤਾਰਾਂ :- ਸਿਤਾਰ ਵਿੱਚ ਮੁੱਖ ਸੱਤ ਤਾਰਾਂ ਹੁੰਦੀਆਂ ਹਨ। ਸਿਤਾਰ ਦੀਆਂ ਮੁੱਖ ਤਾਰਾਂ ਦੇ ਨੀਚੇ ਕੁਝ ਤਾਰ ਬੰਨ੍ਹੇ ਹੁੰਦੇ ਹਨ, ਉਨ੍ਹਾਂ ਨੂੰ ਤਰਬ ਦੇ ਤਾਰ ਕਹਿੰਦੇ ਹਨ। ਤਰਬ ਦੇ ਤਾਰਾਂ ਦੀ ਸੰਖਿਆ 9-13 ਤੱਕ ਹੁੰਦੀ ਹੈ।

### ਸਿਤਾਰ ਦੀਆਂ ਤਾਰਾਂ ਅਤੇ ਉਹਨਾਂ ਨੂੰ ਮਿਲਾਉਣ ਦਾ ਢੰਗ

ਸਿਤਾਰ ਵਿੱਚ ਮੁੱਖ ਸੱਤ ਤਾਰ ਹੁੰਦੇ ਹਨ। ਪਹਿਲਾ ਤਾਰ ਲੋਹੇ ਜਾਂ ਸਟੀਲ ਦਾ ਹੁੰਦਾ ਹੈ। ਇਸਨੂੰ ਬਾਜ਼ ਦਾ ਤਾਰ ਕਹਿੰਦੇ ਹਨ। ਦੂਸਰਾ ਅਤੇ ਤੀਸਰਾ ਤਾਰ ਪਿੱਤਲ ਦੇ ਹੁੰਦੇ ਹਨ। ਇਨ੍ਹਾਂ ਨੂੰ ਜੋੜੀ ਦੇ ਤਾਰ ਕਹਿੰਦੇ ਹਨ। ਚੌਥਾ ਤਾਰ ਪਿੱਤਲ ਦਾ ਹੁੰਦਾ ਹੈ ਜੋ ਕਿ ਜੋੜੀ ਦੇ ਤਾਰ ਨਾਲੋਂ ਕੁਝ ਮੋਟਾ ਹੁੰਦਾ ਹੈ। ਇਸ ਨੂੰ ਲਰਜ਼ ਦਾ ਤਾਰ ਕਹਿਦੇ ਹਨ। ਪੰਜਵਾਂ ਤਾਰ ਬਾਜ ਦੇ ਤਾਰ ਦੀ ਤਰ੍ਹਾਂ ਲੋਹੇ ਜਾਂ ਸਟੀਲ ਦਾ ਹੁੰਦਾ ਹੈ। ਇਸ ਨੂੰ ਪੰਚਮ ਦਾ ਤਾਰ ਕਹਿਦੇ ਹਨ। ਛੇਵਾਂ ਤਾਰ ਵੀ ਸਟੀਲ ਦਾ ਹੁੰਦਾ ਹੈ, ਜਿਸਦੀ ਮੋਟਾਈ ਪੰਚਮ ਦੇ ਤਾਰ ਨਾਲੋਂ ਕੁਝ ਘੱਟ ਹੁੰਦੀ ਹੈ। ਇਸਨੂੰ 'ਵੱਡੀ ਚਿਕਾਰੀ' ਕਹਿੰਦੇ ਹਨ। ਸੱਤਵਾਂ ਤਾਰ ਵੀ ਸਟੀਲ ਦਾ ਹੁੰਦਾ ਹੈ। ਇਹ ਤਾਰ ਸਭ ਤਾਰਾਂ ਨਾਲੋਂ ਪਤਲਾ ਹੁੰਦਾ ਹੈ। ਇਸ ਨੂੰ ਵੀ 'ਚਿਕਾਰੀ' ਜਾਂ 'ਪਪੀਹੇ ਦਾ ਤਾਰ' ਕਹਿੰਦੇ ਹਨ।

ਸਿਤਾਰ ਵਿੱਚ ਮੁੱਖ ਸੱਤ ਤਾਰਾਂ ਤੋਂ ਇਲਾਵਾ ਪਰਦਿਆਂ ਦੇ ਹੇਠਾਂ ਲੋਹੇ ਦੇ ਤਾਰ ਲੱਗੇ ਹੁੰਦੇ ਹਨ, ਜਿਨ੍ਹਾਂ ਨੂੰ ਤਰਬ ਦੇ ਤਾਰ ਕਹਿੰਦੇ ਹਨ। ਇਨ੍ਹਾਂ ਦੀ ਗਿਣਤੀ 8 ਤੋਂ 13 ਤੱਕ ਹੁੰਦੀ ਹੈ।

ਸਿਤਾਰ ਦੇ ਤਾਰਾਂ ਨੂੰ ਸੁਰ ਕਰਨ ਲਈ ਸਭ ਤੋਂ ਪਹਿਲਾਂ ਜੋੜੀ ਦੇ ਤਾਰਾਂ ਨੂੰ ਮੰਦ੍ਰ ਸਪਤ 'ਸ' ਨਾਲ ਮਿਲਾਇਆ ਜਾਂਦਾ ਹੈ। ਇਸ ਤੋਂ ਬਾਅਦ ਬਾਜ਼ ਦੇ ਤਾਰ ਨੂੰ ਮੰਦਰ ਸਪਤਕ ਦੇ ਮੱਧਿਅਮ ਨਾਲ ਮਿਲਾ ਜਾਂਦਾ ਹੈ। ਫਿਰ ਲਰਜ਼ ਦੇ ਤਾਰ ਨੂੰ ਮੰਦ੍ਰ ਪੰਚਮ ਤੇ ਮਿਲਾਇਆ ਜਾਂਦਾ ਹੈ। ਛੇਵੇਂ ਅਤੇ ਸੱਤਵੇਂ ਤਾਰ ਨੂੰ ਕ੍ਰਮਵਾਰ ਮੱਧ ਸਪਤਕ ਦੇ 'ਸ' ਅਤੇ ਤਾਰ ਸਪਤਕ ਦੇ 'ਸ' ਤੇ ਮਿਲਾ ਲਿਆ ਜਾਂਦਾ ਹੈ। ਮੁੱਖ ਤਾਰਾਂ ਨੂੰ ਸੁਰ ਕਰ ਲੈਣ ਤੋਂ ਬਾਅਦ ਤਰਬ ਦੇ ਤਾਰਾਂ ਨੂੰ ਰਾਗ ਵਿੱਚ ਲੱਗਣ ਵਾਲੇ ਸੁਰਾਂ ਦੇ ਅਨੁਕੂਲ ਮਿਲਾਇਆ ਜਾਂਦਾ ਹੈ। ਸਿਤਾਰ ਨੂੰ ਚੰਗੀ ਤਰ੍ਹਾਂ ਸੁਰ ਕਰਨ ਤੋਂ ਬਾਅਦ ਹੀ ਸਿਤਾਰ ਨੂੰ ਵਜਾਉਣਾ ਚਾਹੀਦਾ ਹੈ।

ਸਿਤਾਰ ਦੀ ਬੈਠਕ

ਸਿਤਾਰ ਵਾਦਨ ਕਰਨ ਲਈ ਸਿਤਾਰ ਨੂੰ ਇੱਕ ਵਿਸ਼ੇਸ਼ ਤਰੀਕੇ ਨਾਲ ਪਕੜ ਕੇ ਬੈਠਿਆਂ ਜਾਂਦਾ ਹੈ, ਜਿਸਨੂੰ ਅਸੀਂ ਸਿਤਾਰ ਦੀ ਬੈਠਕ ਕਹਿੰਦੇ ਹਾਂ। ਸਹੀ ਬੈਠਕ ਵਿੱਚ ਬੈਠਕੇ ਹੀ ਸਿਤਾਰ ਸੁਵਿਧਾਪੂਰਵਕ ਵਜਾ

ਸਕਦੇ ਹਾਂ। ਸਭ ਤੋਂ ਪਹਿਲਾਂ ਖੱਬੀ ਲੱਤ ਨੂੰ ਗੋਡੇ ਕੋਲੋ ਮੋੜ ਲਿਆ ਸਕਦੇ ਹਾਂ। ਸਭ ਤੋਂ ਪਹਿਲਾਂ ਖੱਬੀ ਲੱਤ ਨੂੰ ਗੋਡੇ ਕੋਲੋ ਮੋੜ ਲਿਆ ਜਾਂਦਾ ਹੈ ਅਤੇ ਸੱਜੀ ਲੱਤ ਨੂੰ ਇਸਦੇ ਉੱਪਰ ਦੀ ਲੰਘਾ ਕੇ ਬੈਠਿਆ ਜਾਂਦਾ ਹੈ। ਖੱਬੇ ਪੈਰ ਦੇ ਉੱਪਰ ਸਿਤਾਰ ਦਾ ਤੂੰਬਾ ਟਿਕਾ ਕੇ ਸਿਤਾਰ ਨੂੰ ਟੇਢਾ ਖੜ੍ਹਾ ਕਰ ਲਿਆ ਜਾਂਦਾ ਹੈ। ਸਿਤਾਰ ਦਾ ਡਾਂਡ ਵਾਲਾ ਭਾਗ ਮੂੰਹ ਦੇ ਅੱਗੇ ਨਹੀਂ ਆਉਣਾ ਚਾਹੀਦਾ। ਸੱਜੀ ਕੂਹਣੀ ਤੂੰਬੇ ਦੇ ਉੱਪਰ ਰੱਖੀ ਜਾਂਦੀ ਹੈ ਤੇ ਇਸ ਨਾਲ ਤੂੰਬੇ ਨੂੰ ਦਬਾ ਲਿਆ ਜਾਂਦਾ ਹੈ ਤਾਂ ਜੋ ਸਿਤਾਰ ਖਿਸਕੇ ਨਾ। ਸੱਜੇ ਹੱਥ ਦੇ ਅੰਗੂਠੇ ਨੂੰ ਗੁੱਲੂ ਦੇ ਸਥਾਨ ਤੇ ਰੱਖਿਆ ਜਾਂਦਾ ਹੈ। ਖੱਬੇ ਹੱਥ ਦਾ ਅੰਗੂਠਾ ਡਾਂਡ ਦੇ ਪਿੱਛੇ ਰੱਖਿਆ ਜਾਂਦਾ ਹੈ ਅਤੇ ਅਗਲੇ ਪਾਸੇ ਉਂਗਲੀਆਂ ਨਾਲ ਪਰਦੇ ਉੱਪਰ ਤਾਰ ਦਬਾ ਕੇ ਸੁਰ ਕੱਢੇ ਜਾਂਦੇ ਹਨ। ਸੱਜੇ ਹੱਥ ਦੀ ਤਰਜਨੀ ਉਂਗਲੀ ਵਿੱਚ ਮਿਜ਼ਰਾਬ ਪਾ ਕੇ ਤਾਰ ਉੱਪਰ ਪ੍ਰਹਾਰ ਕਰਕੇ ਆਵਾਜ਼ ਪੈਦਾ ਕੀਤੀ ਜਾਂਦੀ ਹੈ। ਸਿਤਾਰ ਵਜਾਉਣ ਸਮੇਂ ਖੱਬੇ ਹੱਥ ਨਾਲ ਡਾਂਡ ਨੂੰ ਸਹਾਰਾ ਨਹੀਂ ਦੇਣਾ ਚਾਹੀਦਾ ਨਹੀਂ ਤਾਂ ਸਿਤਾਰ ਵਜਾਉਣ ਸਮੇਂ ਅਸੁਵਿਧਾ ਹੁੰਦੀ ਹੈ। ਸਿਤਾਰ ਦੇ ਵਿਦਿਆਰਥਆਂ ਨੂੰ ਸਹੀ ਬੈਠਕ ਦਾ ਗਿਆਨ ਦੇ ਕੇ ਹੀ ਸਿਤਾਰ ਵਜਾਉਣੀ ਸਿਖਾਉਣੀ ਚਾਹੀਦੀ ਹੈ।

## ਪਾਠ - ਅਭਿਆਸ

### ਵਸਤੂਨਿਸ਼ਠ ਪ੍ਰਸ਼ਨ

1. ਸਿਤਾਰ ਦਾ ਆਵਿਸ਼ਕਾਰ ਕਦੋਂ ਹੋਇਆ ?
2. ਸਿਤਾਰ ਦੇ ਆਵਿਸ਼ਕਾਰ ਦਾ ਨਾਂ ਦੱਸੋ ?
3. ਸਿਤਾਰ ਵਿੱਚ ਕਿੰਨੇ ਤਾਰ ਹੁੰਦੇ ਹਨ ?
4. ਤੂੰਬਾ ਕਿਸ ਚੀਜ਼ ਦਾ ਬਣਿਆ ਹੁੰਦਾ ਹੈ ?
5. ਘੁੜਚ ਦੀ ਉਪਰਲੀ ਸਤਹਿ ਨੂੰ ਕੀ ਕਹਿੰਦੇ ਹਨ ?
6. ਉ. ਵਿਲਾਇਤ ਖਾਂ ਨੇ ਸਿਤਾਰ ਵਿੱਚ ਕੀ ਬਦਲਾਵ ਕੀਤਾ ?
7. ਜੋੜੇ ਦੇ ਤਾਰਾਂ ਨੂੰ ਕਿਸ ਸੁਰ ਤੇ ਮਿਲਾਇਆ ਜਾਂਦਾ ਹੈ ?
8. ਦੋ ਸਿਤਾਰ ਵਾਦਕਾਂ ਦੇ ਨਾਂ ਦੱਸੋ ?

### ਅਧਿਆਪਕ ਲਈ

ਵਿਦਿਆਰਥੀਆਂ ਤੋਂ ਸਿਤਾਰ ਦੇ ਅੰਗ ਵਰਨਣ ਦਾ ਚਾਰਟ ਬਣਵਾਇਆ ਜਾਵੇ ਅਤੇ ਸਿਤਾਰ ਦੀ ਬੈਠਕ ਵਿਦਿਆਰਥੀਆਂ ਨੂੰ ਸਿਖਾਈ ਜਾਵੇ।

## ਪਾਠ - 9

## ਨਾਦ : ਪਰਿਭਾਸ਼ਾ, ਭੇਦ

ਪਰਿਭਾਸ਼ਾ :- न नादेन बिना गति न नादेन बिना स्वर:
न नादेन बिना ज्ञान न नादेन बिना शिव: ( मतंग )

ਨਾਦ ਤੋਂ ਬਿਨਾਂ ਨਾ ਤਾ ਗੀਤ ਦਾ ਜਨਮ ਹੁੰਦਾ ਹੈ ਨਾ ਹੀ ਸਵਰ ਦਾ। ਨਾਦ ਤੋਂ ਬਿਨਾਂ ਨਾ ਹੀ ਗਿਆਨ ਪ੍ਰਾਪਤ ਹੁੰਦਾ ਹੈ ਨਾ ਹੀ ਕਲਿਆਣ ਹੋ ਸਕਦਾ ਹੈ।

ਰਤਨਾਕਾਰ ਜੀ ਅਨੁਸਾਰ 'ਨ' ਅਤੇ 'ਦ' ਨਕਾਰ - ਪ੍ਰਾਨ (ਹਵਾ) ਅਤੇ ਦਕਾਰ - ਅੱਗ (ਸ਼ਕਤੀ) ਦੇ ਮੇਲ ਤੋਂ ਬਣਿਆ ਹੈ। ਜੇ ਸਾਰੇ ਬ੍ਰਾਹਮੰਡ ਦਾ ਆਧਾਰ ਬਣ ਗਿਆ। ਨਾਦ ਤੋਂ ਭਾਵ ਉਹ ਆਵਾਜ਼ ਹੈ ਜੋ ਸੰਗੀਤ ਉਪਯੋਗੀ ਹੋਵੇ।

ਨਾਦ ਨਿਯਮਿਤ ਅਤੇ ਸਥਿਰ ਕੰਪਨ ਵਾਲੀ ਮਿੱਠੀ ਆਵਾਜ਼ ਹੁੰਦੀ ਹੈ ਜੋ ਸੰਗੀਤ ਉਪਯੋਗੀ ਹੋਵੇ। ਨਾਦ ਸੰਗੀਤ ਦਾ ਮੁੱਖ ਤੱਤ ਹੈ, ਇਸ ਤੋਂ ਬਿਨਾਂ ਸੰਗੀਤ ਦੀ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ।

ਕੋਈ ਵੀ ਆਵਾਜ਼ ਜਦ ਮਿੱਠੀ ਅਤੇ ਖੁਸ਼ੀ ਭਾਰੀ ਹੋਵੇ ਨਾਦ ਦਾ ਰੂਪ ਲੈ ਲੈਂਦੀ ਹੈ ਅਤੇ ਸੰਗੀਤ ਦੇ ਪ੍ਰਾਣ ਬਣ ਜਾਂਦੀ ਹੈ। ਮਧੁਰ ਆਵਾਜ਼ ਨਾਲ ਹੀ ਸੰਗੀਤ ਦਾ ਨਿਰਮਾਣ ਹੋਇਆ ਹੈ। ਇਸ ਦਾ ਪ੍ਰਭਾਵ ਮਨੁੱਖ ਤੇ ਹੀ ਨਹੀਂ ਬਲਕਿ ਪਸ਼ੂ ਪੰਛੀਆਂ ਤੇ ਵੀ ਪੈਂਦਾ ਹੈ। ਆਵਾਜ਼ ਦੋ ਪ੍ਰਕਾਰ ਦੀ ਹੁੰਦੀ ਹੈ (1) ਜਿਸ ਨੂੰ ਸੁਣਨਾ ਚੰਗਾ ਨਹੀਂ ਲਗਦਾ, ਇਸ ਨੂੰ ਸ਼ੋਰ ਵੀ ਕਿਹਾ ਜਾਂਦਾ ਹੈ (2) ਜਿਸ ਨਾਲ ਮਨ ਖੁਸ਼ੀ ਨਾਲ ਭਾਰ ਜਾਵੇ, ਆਨੰਦ ਆਉਣ ਲਗ ਪਵੇ ਜੋ ਮਨ ਨੂੰ ਛੁ ਜਾਵੇ।

ਨਾਦ ਦੇ ਭੇਦ :- ਨਾਦ ਦੇ ਦੋ ਭੇਦ ਹੁੰਦੇ ਹਨ :-

(1) ਆਹਤ ਨਾਦ (2) ਅਨਾਹਤ ਨਾਦ

1. ਆਹਤ ਨਾਦ - ਇਹ ਨਾਦ ਸਥੂਲ ਵਸਤੂਆਂ ਤੋਂ ਉਤਪੰਨ ਹੁੰਦਾ ਹੈ। ਦੋ ਵਸਤੂਆਂ ਦੇ ਟਕਰਾਉਣ ਜਾਂ ਰਗੜ ਨਾਲ ਜੋ ਆਵਾਜ਼ ਪੈਦਾ ਹੁੰਦੀ ਹੈ ਉਹ ਆਹਤ ਨਾਦ ਅਖਵਾਉਂਦੀ ਹੈ। ਜਿਵੇਂ :- ਤਾਲੀ ਵਜਾਉਣ ਵਾਇਲਨ ਵਜਾਉਣਾ। ਇਸ ਨਾਦ ਨੂੰ ਤਿੰਨ ਭਾਗਾਂ ਵਿੱਚ ਵੰਡਿਆ ਜਾਂਦਾ ਹੈ :-

   (1) ਇੱਕ ਵਸਤੂ ਦਾ ਦੂਜੇ ਵਸਤੂ ਨਾਲ ਟਕਰਾਉਣਾ ਜਿਵੇਂ :- ਤਾਲੀ ਵਜਾਉਣਾ ਜਾਂ ਸਿਤਾਰ ਤੇ ਮਿਜ਼ਰਾਬ ਦਾ ਟਕਰਾਉਣਾ।

   (2) ਦੋ ਵਸਤੂਆਂ ਦੇ ਰਗੜਨ ਤੇ ਜੋ ਨਾਦ ਉਤਪੰਨ ਹੋਵੇ ਜਿਵੇਂ ਵਾਇਲਨ ਜਾਂ ਸਾਰੰਗੀ

   (3) ਛੇਕ ਵਿਚੋਂ ਹਵਾ ਦੇ ਤੇਜੀ ਨਾਲ ਨਿਕਲਣ ਤੋਂ ਪੈਦਾ ਹੋਈ ਆਵਾਜ਼ ਜਿਵੇਂ ਬੰਸਰੀ, ਸ਼ਹਿਨਾਈ ਅਤੇ ਹਾਰਮੋਨੀਅਮ।

2. ਅਨਾਹਤ ਨਾਦ - ਬਿਨਾਂ ਕਿਸੇ ਚੋਟ ਰਗੜ, ਅਘਾਤ ਤੋਂ ਜੋ ਨਾਦ ਪੈਦਾ ਹੁੰਦਾ ਹੈ ਉਸਨੂੰ ਅਨਾਹਤ ਨਾਦ ਕਿਹਾ ਜਾਂਦਾ ਹੈ। ਰਿਸ਼ੀ ਮੁਨੀ ਇਸ ਨੂੰ 'ਅਨਾਹਤ' ਨਾਦ ਵੀ ਕਹਿੰਦੇ ਸਨ। ਮੋਕਸ਼ ਦੀ ਪ੍ਰਾਪਤ ਲਈ ਉਹ

ਉਪਾਸਨਾ ਕਰਦੇ ਸਨ। ਇਹ ਨਾਦ ਬਹੁਤ ਸੁਖਮ ਹੁੰਦਾਹੈ। ਇਸ ਨੂੰ ਕੰਨ ਨਾਲ ਨਹੀਂ ਸੁਣਿਆ ਜਾ ਸਕਦਾ। ਕੰਨਾਂ ਵਿੱਚ ਉਂਗਲੀਆਂ ਪਾ ਕੇ ਸਾਂ - ਸਾਂ ਦੀ ਆਵਾਜ਼ ਨੂੰ ਮਹਿਸੂਸ ਕੀਤਾ ਜਾ ਸਕਦਾ ਹੈ। ਇਹ ਨਾਦ ਮੋਕਸ਼ ਦੀ ਮੁਕਤੀ ਲਈ ਸਹਾਇਕ ਹੈ ਪਰ ਰੰਜਕ ਨਹੀਂ ਹੈ। ਇਹ ਨਾਦ ਸੰਸਾਰਿਕ ਵਿਵਹਾਰ ਲਈ ਨਹੀਂ ਹੈ।

ਨਾਦ ਦੇ ਲਛਣ :-

1. ਨਾਦ ਦਾ ਛੋਟਾ - ਵਡਾਪਨ (Itensity)
2. ਨਾਦ ਦਾ ਉੱਚਾ - ਨੀਵਾਪਨ (Pitch)
3. ਨਾਦ ਦੀ ਜਾਤੀ (Timbr)

1. ਨਾਦ ਦਾ ਛੋਟਾ - ਵੱਡਾਪਨ :- ਆਵਾਜ ਦਾ ਘੱਟ ਜਾਂ ਵੱਧ ਸੁਣਾਈ ਦੇਣਾ ਨਾਦ ਦਾ ਛੋਟਾ ਵੱਡਾਪਨ ਅਖਵਾਉਂਦਾ ਹੈ। ਘੱਟ ਉੱਚੀ ਬੋਲਣ ਨਾਲ ਆਵਾਜ ਨੇੜੇ ਅਤੇ ਉੱਚੀ ਬੋਲਣ ਨਾਲ ਦੂਰ ਤਕ ਸੁਣਾਈ ਦਿੰਦੀ ਹੈ। ਹਰਮੋਨੀਅਮ ਵਜਾਉਂਦੇ ਹੋਏ ਪੱਖੇ ਨਾਲ ਹੋਲੀ ਹਵਾ ਭਰਨ ਨਾਲ ਆਵਾਜ਼ ਘੱਟ ਅਤੇ ਵਧਾਉਣ ਨਾਲ ਆਵਾਜਉੱਚੀ ਸੁਣਾਈ ਦਿੰਦੀ ਹੈ। ਇਸਨੂੰ ਹੀ ਆਵਾਜ ਦਾ ਛੋਟਾਪਨ ਅਤੇ ਵੱਡਾਪਨ ਕਿਹਾ ਜਾਂਦਾ ਹੈ।
2. ਨਾਦ ਦਾ ਉੱਚਾ ਨੀਵਾਪਨ :- ਨਾਦ ਦਾ ਦੂਜਾ ਗੁਣ ਨਾਦ ਦਾ ਆਪਣੇ ਸਥਾਨ ਤੋਂ ਉੱਚਾ ਅਤੇ ਨੀਵਾ ਹੋਣਾ ਹੈ। ਸ ਤੋਂ ਰੇ ਸਵਰ ਉੱਚਾ ਹੁੰਦਾ ਹੈ, ਰੇ ਤੋਂ ਗ, ਗ ਤੋਂ ਮ । ਇਸੇ ਤਰ੍ਹਾਂ ਮ ਤੋਂ ਨੀ ਨੀਵਾਂ ਹੈ ਅਤੇ ਨੀ ਤੋਂ ਧ ਅਤੇ ਧ ਤੋਂ ਪ। ਨਾਦ ਆਪਣੇ ਸਥਾਨ ਤੋਂ ਉੱਚਾ ਵੀ ਹੋ ਸਕਦਾ ਹੈ ਅਤੇ ਨੀਵਾ ਵੀ। ਇਸ ਨੂੰ ਹੀ ਸੰਗੀਤ ਵਿੱਚ ਨਾਦ ਦਾ ਉੱਚਾ - ਨੀਵਾਪਨ ਕਿਹਾ ਜਾਂਦਾ ਹੈ।
3. ਨਾਦ ਦੀ ਜਾਤੀ :- ਇਹ ਨਾਦ ਦੀ ਤੀਜੀ ਵਿਸ਼ੇਸ਼ਤਾ ਹੈ । ਇਸ ਵਿਸ਼ੇਸ਼ਤਾ ਨਾਲ ਇਹ ਪਤਾ ਚਲਦਾ ਹੈ ਕਿ ਇਹ ਆਵਾਜ਼ ਕਿਸ ਦੀ ਹੈ। ਇਹ ਨਾਦ, ਆਵਾਜ਼ ਨੂੰ ਪਹਿਚਾਨਣ ਵਿੱਚ ਮਦਦ ਕਰਦਾ ਹੈ। ਸਾਜ ਨੂੰ ਵੇਖੇ ਬਿਨਾਂ ਹੀ ਉਸਦੀ ਆਵਾਜ਼ ਸੁਣਕੇ ਹੀ ਪਹਿਚਾਨਣਾ ਕੀ ਇਹ ਸਿਤਾਰ ਦੀ ਆਵਾਜ ਹੈ, ਹਰਮੋਨੀਅਮ ਦੀ ਵਾਇਲਨ ਦੀ ਜਾਂ ਕਿਸੇ ਹੋਰ ਸਾਜ ਦੀ।

## ਪਾਠ - ਅਭਿਆਸ

### ਵਸਤੂਨਿਸ਼ਠ ਪ੍ਰਸ਼ਨ

1. ਸੰਗੀਤ ਉਪਯੋਗੀ ਆਵਾਜ਼ ਨੂੰ ਕੀ ਕਹਿੰਦੇ ਹਨ ?
2. ਨਾਦ ਦੀਆਂ ਕਿਸਮਾਂ ਦੇ ਨਾਂ ਦੱਸੋ ?
3. ਆਹਤ ਨਾਦ ਕਿਸ ਨੂੰ ਕਹਿੰਦੇ ਹਨ ?
4. ਅਨਾਹਤ ਨਾਦ ਕਿਸਨੂੰ ਕਹਿੰਦੇ ਹਨ ?
5. ਜੋ ਆਵਾਜ ਹੌਲੀ ਸੁਣਾਈ ਦਿੰਦੀ ਹੈ, ਉਸਨੂੰ ਨਾਦ ਦਾ ਕਿਹੜਾ ਪਣ ਕਹਿੰਦੇ ਹਨ ?

### ਅਧਿਆਪਕ ਲਈ

ਸਾਜਾਂ ਦੀ ਸਹਾਇਤਾ ਨਾਲ ਅਤੇ ਕੰਨਾਂ ਤੇ ਉਂਗਲਾਂ ਰਖਵਾ ਕੇ ਵਿਦਿਆਰਥੀਆਂ ਨੂੰ ਨਾਦ ਬਾਰੇ ਜਾਣਕਾਰੀ ਦਿੱਤੀ ਜਾਵੇ।

## ਪਾਠ - 9

## ਗਤ - ਮਸੀਤ ਖਾਨੀ ਗਤ, ਰਜਾਖਾਨੀ ਗਤ

ਰਾਗ ਦੀ ਤਾਲਬੱਧ ਸਵਰ ਰਚਨਾ ਜੋ ਕਿਸੇ ਵਾਦ ਤੇ ਵਜਾਈ ਜਾਂਦੀ ਹੈ ਉਸਨੂੰ ਗੱਤ ਕਿਹਾ ਜਾਂਦਾ ਹੈ। ਸੰਗੀਤ ਸ਼ਾਸਤਰ ਦੇ ਅਨੁਸਾਰ :-

ਰਾਗ ਦੇ ਸਵਰਾਂ ਦੀ ਸੁੰਦਰ ਅਤੇ ਤਾਲਬੱਧ ਰਚਨਾ ਜੋ ਕਿਸੇ ਵਾਦ ਤੇ ਵਜਾਈ ਜਾਂਦੀ ਹੈ ਉਸਨੂੰ ਗੱਤ ਕਿਹਾ ਜਾਂਦਾ ਹੈ ਜਾਂ ਅਸੀਂ ਇਹ ਵੀ ਕਹਿ ਸਕਦੇ ਹਾਂ ਕਿ ਸਿਤਾਰ ਵਾਦਨ ਤੇ ਵਜਾਈ ਜਾਣ ਵਾਲੀ ਤਾਲਬੱਧ ਰਾਗ ਦੀ ਰਚਨਾ ਨੂੰ ਗੱਤ ਕਹਿੰਦੇ ਹਨ।

ਕਿਸੇ ਵੀ ਰਾਗ ਨੂੰ ਆਰੰਭ ਕਰਨ ਤੋਂ ਪਹਿਲਾ ਉਸੀ ਰਾਗ ਦੇ ਸਵਰਾਂ ਦੇ ਅਲਾਪ, ਜੋੜ ਅਲਾਪ, ਅਰੋਹ, ਅਵਰੋਹ ਅਤੇ ਪਕੜ ਤੋਂ ਬਾਅਦ ਰਾਗ ਦੀ ਗਤ ਵਜਾਈ ਜਾਂਦੀ ਹੈ। ਗਤ ਦੇ ਦੋ ਭਾਗ ਹੁੰਦੇ ਹਨ ਸਥਾਈ, ਅੰਤਰਾ ਰਾਗ ਦੀ ਗਤ ਵਜਾਣ ਵਾਲੇ ਨੂੰ ਗਤਕਾਰ ਅਤੇ ਗੱਤ ਵਜਾਣ ਦੀ ਕਲਾ ਨੂੰ ਗਤਕਾਰੀ ਕਿਹਾ ਜਾਂਦਾ ਹੈ। ਆਧੁਨਿਕ ਯੁੱਗ ਵਿੱਚ ਹੇਠ ਲਿਖੀਆਂ ਦੋ ਪ੍ਰਕਾਰ ਦੀਆਂ ਗਤਾਂ ਦਾ ਪ੍ਰਚਲਨ ਹੁੰਦਾ ਹੈ :-

(1) ਮਸੀਤਖਾਨੀ ਗਤ

(2) ਰਜਾਖਾਨੀ ਗਤ

1. ਮਸੀਤਖਾਨੀ ਗਤ - ਮਸੀਤਖਾਨੀ ਗੱਤ ਦੀ ਵਾਦਨ ਸ਼ੈਲੀ ਨੂੰ ਦਿਲੀਬਾਜ ਵੀ ਕਿਹਾ ਜਾਂਦਾ ਹੈ। ਇਸ ਗਤ ਦਾ ਆਵਿਸ਼ਕਾਰ ਫਿਰੋਜ ਖਾਂ ਜੀ ਦੇ ਪੁੱਤਰ ਮਸੀਤ ਖਾਂ ਨੇ ਕੀਤਾ ਸੀ। ਉਹਨਾਂ ਦੇ ਨਾਮ ਤੇ ਹੀ ਇਸ ਗਤ ਦਾ ਨਾਂ ਮਸੀਤ ਖਾਂ ਗਤ ਪੈ ਗਿਆ ਇਹ ਗਤ ਵਿਲੰਬਿਤ ਲੈਅ ਵਿੱਚ ਵਜਾਈ ਜਾਂਦੀ ਹੈ ਅਤੇ ਇਸ ਦੇ ਬੋਲ ਦਿਰ ਦਾ ਦਿਰ ਦਾ ਦਿਰ ਦਾ ਗ ਦਾ ਦਾ ਰਾ ਇਹ ਗਤ ਹਮੇਸ਼ਾ ਤਿੰਨ ਤਾਲ ਵਿੱਚ ਵਜਾਈ ਜਾਂਦੀ ਹੈ ਅਤੇ ਗਤ ਦੀ ਆਰੰਭਤਾ (ਸ਼ੁਰੂਆਤ) ਬਾਰਵੀਂ ਮਾਤਰਾ ਤੋਂ ਹੋ ਕੇ ਗਿਆਰਵੀਂ ਮਾਤਰਾਂ ਤੇ ਸਮਾਪਤ ਹੁੰਦੀ ਹੈ। ਵਿਲੰਭਿਤ ਗਤ ਵਿੱਚ ਗਮਕ, ਮੀਂਡ ਦਾ ਕੰਮ ਖੂਭ ਦਿਖਾਇਆ ਜਾਂਦਾ ਹੈ। ਅੰਤ ਵਿੱਚ ਚੋਗੁਣ ਅਤੇ ਅਠਗੁਣ ਦੇ ਤੌੜੇ ਵਜਾ ਕੇ ਅਤੇ ਅੰਤ ਵਿੱਚ ਤਿਹਾਈ ਵਜਾ ਕੇ ਗੱਤ ਦੀ ਸਮਾਪਤੀ ਕੀਤੀ ਜਾਂਦੀ ਹੈ।

<u>ਮਸੀਤਖਾਨੀ ਗਤ ਦੀਆਂ ਵਿਸ਼ੇਸ਼ਤਾਵਾਂ :</u>

(1) ਮਸੀਤਖਾਨੀ ਗੱਤ ਤਿੰਨ ਤਾਲ ਵਿੱਚ ਵਜਾਈ ਜਾਂਦੀ ਹੈ।

(2) ਇਹ ਗੱਤ ਵਿਲੰਬਿਤ ਲੈਅ ਵਿੱਚ ਵਜਾਈ ਜਾਂਦੀ ਹੈ।

(3) ਇਸ ਗੱਤ ਦਾ ਮੁਖੜਾ ਗਿਆਰਵੀਂ ਮਾਤਰਾਂ ਤੋਂ ਸ਼ੁਰੂ ਕੀਤਾ ਜਾਂਦਾ ਹੈ।

(4) ਇਸ ਗੱਤ ਦੇ ਮਿਜ਼ਰਾਵ ਦੇ ਬੋਲ ਨਿਸ਼ਚਿਤ ਹੁੰਦੇ ਹਨ ਜਿਵੇਂ ਦਿਰ ਦਾ ਦਿਰ ਦਾਰਾ ਦਾ ਦਾ ਰਾ

<u>ਰਜਾਖਾਨੀ ਗੱਤ :</u> ਲਖਨਊ ਦੇ ਮੁਹੰਮਦ ਰਜ਼ਾ ਨੇ ਸਿਤਾਰ ਵਾਦਨ ਦੇ ਲਈ ਇਕ ਨਵੀਂ ਗਤ ਦਾ ਆਵਿਸ਼ਕਾਰ ਕੀਤਾ ਉਹਨਾਂ ਨੇ ਨਾਂ ਤੇ ਹੀ ਇਸ ਗੱਤ ਦਾ ਨਾਮ ਰਜਾਖਾਨੀ ਗਤ ਪੈ ਗਿਆ। ਇਸ ਗੱਤ ਦਾ ਦੂਜਾ ਨਾਂ ਦਰੁੱਤ ਗੱਤ ਵੀ ਹੈ। ਅੱਜ ਕਲ ਮਸੀਤ ਖਾਨੀ ਗੱਤ ਤੋਂ ਬਾਅਦ ਰਜਾਖਾਨੀ ਗੱਤ ਦਾ ਵਾਦਨ ਕੀਤਾ ਜਾਂਦਾ ਹੈ। ਇਸ ਗੱਤ ਵਿਚ ਸਥਾਈ ਅੰਤਰਾਂ ਵਜਾਉਣ ਤੰ ਬਾਅਦ ਦੁਗੁਣ ਲੈਅ ਦੇ ਤੌੜੇ ਵਜਾਏ ਜਾਂਦੇ ਹਨ ਇਹਨਾਂ ਤੋੜਿਆਂ ਦੀ ਸਮਾਪਤੀ ਤਿਹਾਈ ਨਾਲ ਕੀਤੀ ਜਾਂਦੀ ਹੈ। ਇਹਨਾਂ ਤੋੜਿਆਂ ਤੋਂ ਬਾਅਦ ਲੈਅ ਦੀ ਗਤੀ ਤੇਜ ਕਰਦੇ ਹੋਏ ਝਾਲਾ ਵਜਾਇਆ ਜਾਂਦਾ ਹੈ ਅਤੇ ਵਿੱਚ - ਵਿੱਚ ਤੋੜਿਆ ਦਾ ਪ੍ਰਯੋਗ ਉਸੀ ਲੈਅ ਵਿੱਚ ਕੀਤਾ ਜਾਂਦਾ ਹੈ। ਝਾਲੇ ਵਿੱਚ ਸਿਜਰਾਵ ਦੇ ਭਿੰਨ - ਭਿੰਨ ਤਰ੍ਹਾਂ ਦਾ ਪ੍ਰਯੋਗ ਜਿਵੇਂ ਠੋਕ ਝਾਲਾ ਵਜਾਇਆ ਜਾਂਦਾ ਹੈ ਅਤੇ ਅੰਤ ਵਿੱਚ ਤਿਹਾਈ ਵਜਾ ਕੇ ਗਤ ਦੀ ਸਮਾਪਤੀ ਕੀਤੀ ਜਾਂਦੀ ਹੈ। ਇਹ ਗੱਤ ਵੀ ਤਿੰਨ ਤਾਲ, ਝਪਤਾਲੇ, ਰੂਪਕ ਤਾਲ, ਇੱਕ ਤਾਲ ਵਿੱਚ ਵਜਾਈ ਜਾਂਦੀ ਹੈ। ਪਰੰਤੂ ਜਿਆਦਾਤਰ ਰਾਗ ਦੀ ਗੱਤ ਤਿੰਨ ਤਾਲ ਵਿੱਚ ਵਜਾਈ ਜਾਂਦੀ ਹੈ। ਇਸ ਗਤ ਦੀ ਸਥਾਈ ਹਮੇਸ਼ਾ ਖਾਲੀ, ਅਰਥਾਤ ਨੋਵੀਂ ਮਾਤਰਾਂ ਤੋਂ ਸ਼ੁਰੂ ਕੀਤੀ ਜਾਂਦੀ ਹੈ। ਪਰੰਤੂ ਅੱਜ ਕੱਲ ਇਸਦੇ ਮੁਖੜੇ ਅਲਗ - ਅਲਗ ਮਾਤਰਾਵਾਂ ਤੋਂ ਵੀ ਸ਼ੁਰੂ ਕੀਤੇ ਜਾਂਦੇ ਹਨ। ਇਸ ਗੱਤ ਦੇ ਬੋਲ ਦਾ ਦਿਰ ਦਾ ਰਾ ਦਾ ਦਿਰ ਦਾ ਰਾ ਦਾ ਦਾ ਗ

ਦਾ ਦਿਰ ਦਿਰ ਦਿਰ ਦਾ ऽ ਰ ਦਾ ऽ ਰ ਗ

ਰਜਾਖਾਨੀ ਗੱਤ ਦੀਆਂ ਵਿਸ਼ੇਸ਼ਤਾਵਾਂ :

(1) ਰਜਾਖਾਨੀ ਗੱਤ ਦਾ ਦੂਸਰਾ ਨਾਂ ਦੁਹਤ ਗੱਤ ਜਾ ਪੂਰਵੀ ਬਾਜ ਹੈ।

(2) ਇਹ ਗਤ ਹਮੇਸ਼ਾ ਨੋਵੀਂ ਮਾਤਰਾਂ ਅਰਥਾਤ ਖਾਲੀ ਤੇ ਸ਼ੁਰੂ ਕੀਤੀ ਜਾਂਦੀ ਹੈ।

(3) ਇਸ ਵਿਚ ਚੋਗੁਣ, ਅਠਗੁਣ ਦੇ ਤੋੜੇ ਵਜਾਏ ਜਾਂਦੇ ਹਨ।

## ਅਭਿਆਸ

ਵਸਤੂਨਿਸ਼ਠ ਪ੍ਰਸ਼ਨ

1. ਗਤ ਦੀ ਪਰਿਭਾਸ਼ਾ ਦਿਉ ?
2. ਮਸੀਤਖਾਨੀ ਗਤ ਦਾ ਪ੍ਰਚਲਨ ਕਿਸਨੇ ਕੀਤਾ ?
3. ਮਸੀਤਖਾਨੀ ਗਤ ਦਾ ਆਰੰਭ ਕਿਹੜੀ ਮਾਤਰਾ ਤੋਂ ਹੁੰਦੀ ਹੈ ?
4. ਮਸੀਤਖਾਨੀ ਗਤ ਦੇ ਬੋਲ ਦੱਸੋ ?
5. ਰਜ਼ਾਖਾਨੀ ਗਤ ਨੂੰ ਹੋਰ ਕਿਹੜੇ ਨਾਮ ਨਾਲ ਜਾਣਿਆ ਜਾਂਦਾ ਹੈ ?
6. ਰਜ਼ਾਖਾਨੀ ਗਤ ਦਾ ਪ੍ਰਚਲਨ ਕਿਸਨੇ ਕੀਤਾ ?

## ਅਧਿਆਪਕ ਲਈ

ਵਿਦਿਆਰਥੀਆਂ ਨੂੰ ਸਿਤਾਰ ਤੇ ਗਤਾਂ ਵਜਾ ਕੇ ਮਸੀਤਖਾਨੀ ਤੇ ਰਜ਼ਾਖਾਨੀ ਗਤ ਵਿਚਲੇ ਅੰਤਰ ਦੱਸੋ ?

# ਕਿਰਿਆਤਮਕ ਭਾਗ

# ਪਾਠ - 10

## ਅਲੰਕਾਰ

### ਬਿਲਾਵਲ ਥਾਟ

1. ਆਰੋਹ - ਸ ਰੇ ਗ ਮ ਪ ਧ ਨੀ ਸਂ
ਦਾ ਰਾ ਦਾ ਰਾ ਦਾ ਰਾ ਦਾ ਰਾ
ਅਵਰੋਹ - ਸਂ ਨੀ ਧ ਪ ਮ ਗ ਰੇ ਸ
ਦਾ ਰਾ ਦਾ ਰਾ ਦਾ ਰਾ ਦਾ ਰਾ

2. ਆਰੋਹ - ਸਸ ਰੇਰੇ ਗਗ ਮਮ ਪਪ ਧਧ ਨੀਨੀ ਸਂਸਂ
ਦਿਰ ਦਿਰ ਦਿਰ ਦਿਰ ਦਿਰ ਦਿਰ ਦਿਰ ਦਿਰ
ਅਵਰੋਹ - ਸਂਸਂ ਨੀਨੀ ਧਧ ਪਪ ਮਮ ਗਗ ਰੇਰੇ ਸਸ
ਦਿਰ ਦਿਰ ਦਿਰ ਦਿਰ ਦਿਰ ਦਿਰ ਦਿਰ ਦਿਰ

3. ਆਰੋਹ - ਸਰੇਗ ਰੇਗਮ ਗਮਧ ਮਪਧ ਪਧਨੀ ਧਨੀਸਂ
ਅਵਰੋਹ - ਦਾਰਾਦਾ ਦਾਰਾਦਾ ਦਾਰਾਦਾ ਦਾਰਾਦਾ ਦਾਰਾਦਾ ਦਾਰਾਦਾ

4. ਆਰੋਹ - ਸਸਗਗ ਰੇਰੇਮਮ ਗਗਪਪ ਮਮਧਧ ਪਪਨੀਨੀ ਧਧਸਂਸਂ
ਦਿਰਦਿਰ ਦਿਰਦਿਰ ਦਿਰਦਿਰ ਦਿਰਦਿਰ ਦਿਰਦਿਰ ਦਿਰਦਿਰ
ਅਵਰੋਹ - ਸਂਸਂਧਧ ਨੀਨੀਪਪ ਧਧਮਮ ਪਪਗਗ ਮਮਰੇਰੇ ਗਗਸਸ
ਦਿਰਦਿਰ ਦਿਰਦਿਰ ਦਿਰਦਿਰ ਦਿਰਦਿਰ ਦਿਰਦਿਰ ਦਿਰਦਿਰ

5. ਆਰੋਹ - ਸਰੇਗਮਪ ਰੇਗਮਪਧ ਗਮਪਧਨੀ ਮਪਧਨੀਸਂ
ਦਾਰਾਦਾਰਾਦਾ ਦਾਰਾਦਾਰਾਦਾ ਦਾਰਾਦਾਰਾਦਾ ਦਾਰਾਦਾਰਾਦਾ
ਅਵਰੋਹ - ਸਂਨੀਧਪਮ ਨੀਧਪਮਗ ਧਪਮਗਰੇ ਪਮਗਰੇਸ
ਦਾਰਾਦਾਰਾਦਾ ਦਾਰਾਦਾਰਾਦਾ ਦਾਰਾਦਾਰਾਦਾ ਦਾਰਾਦਾਰਾਦਾ

### ਕਲਿਆਣ ਥਾਟ

1. ਆਰੋਹ - ਸ ਰੇ ਗ ਮੇ ਪ ਧ ਨੀ ਸਂ
ਦਾ ਰਾ ਦਾ ਰਾ ਦਾ ਰਾ ਦਾ ਰਾ
ਅਵਰੋਹ - ਸਂ ਨੀ ਧ ਪ ਮੇ ਗ ਰੇ ਸ
ਦਾ ਰਾ ਦਾ ਰਾ ਦਾ ਰਾ ਦਾ ਰਾ

2. ਆਰੋਹ- ਸਸ ਰੇਰੇ ਗਗ ਮੇਮੇ ਪਪ ਧਧ ਨੀਨੀ ਸਂਸਂ

| | | | | | | | | | |
|---|---|---|---|---|---|---|---|---|---|
| | | ਦਿਰ | ਦਿਰ | ਦਿਰ | ਦਿਰ | ਦਿਰ | ਦਿਰ | ਦਿਰ | ਦਿਰ |
| | ਅਵਰੋਹ - | ਸੰਸੰ | ਨੀਨੀ | ਧਧ | ਪਪ | ਮੇਮੇ | ਗਗ | ਰੇਰੇ | ਸਸ |
| | | ਦਿਰ | ਦਿਰ | ਦਿਰ | ਦਿਰ | ਦਿਰ | ਦਿਰ | ਦਿਰ | ਦਿਰ |

| | | | | | | | |
|---|---|---|---|---|---|---|---|
| 3. | ਆਰੋਹ - | ਸਰੇਗ | ਰੇਗਮੇ | ਗਮੇਧ | ਮੇਪਧ | ਪਧਨੀ | ਧਨੀਸੰ |
| | | ਦਾ ਰਾ ਦਾ | ਦਾ ਰਾ ਦਾ | ਦਾ ਰਾ ਦਾ | ਦਾ ਰਾ ਦਾ | ਦਾ ਰਾ ਦਾ | ਦਾ ਰਾ ਦਾ |
| | ਅਵਰੋਹ - | ਸੰਨੀਧ | ਨੀਧਪ | ਧਮੇਗ | ਪਮੇਗ | ਮੇਗਰੇ | ਗਰੇਸ |
| | | ਦਾਰਾਦਾ | ਦਾਰਾਦਾ | ਦਾਰਾਦਾ | ਦਾਰਾਦਾ | ਦਾਰਾਦਾ | ਦਾਰਾਦਾ |
| 4. | ਆਰੋਹ - | ਸਗ | ਰੇਮੇ | ਗਪ | ਮੇਧ | ਪਨੀ | ਧਸੰ |
| | | ਦਾ ਰਾ | ਦਾ ਰਾ | ਦਾ ਰਾ | ਦਾ ਰਾ | ਦਾ ਰਾ | ਦਾ ਰਾ |
| | ਅਵਰੋਹ - | ਸੰਧ | ਨੀਪ | ਧਮੇ | ਪਗ | ਮੇਰੇ | ਗਸ |
| | | ਦਾ ਰਾ | ਦਾ ਰਾ | ਦਾ ਰਾ | ਦਾ ਰਾ | ਦਾ ਰਾ | ਦਾ ਰਾ |
| | ਆਰੋਹ - | ਸਸਰੇਗ | ਰੇਰੇਗਮੇ | ਗਗਮੇਪ | ਮੇਮੇਪਧ | ਪਪਧਨੀ | ਧਧਨੀਸੰ |
| | | ਦਿਰਦਿਰ | ਦਿਰਦਿਰ | ਦਿਰਦਿਰ | ਦਿਰਦਿਰ | ਦਿਰਦਿਰ | ਦਿਰਦਿਰ |
| | ਅਵਰੋਹ - | ਸੰਸਨੀਧ | ਨੀਨੀਧਪ | ਧਧਪਮੇ | ਪਪਮੇਗ | ਮੇਮੇਗਰੇ | ਗਗਰੇਸ |
| | | ਦਿਰਦਿਰ | ਦਿਰਦਿਰ | ਦਿਰਦਿਰ | ਦਿਰਦਿਰ | ਦਿਰਦਿਰ | ਦਿਰਦਿਰ |

## ਪਾਠ - 11

## ਰਾਗ ਕਲਿਆਣ

### ਸਾਧਾਰਨ ਜਾਣ - ਪਛਾਣ

| | | |
|---|---|---|
| ਥਾਟ | - | ਕਲਿਆਣ |
| ਵਾਦੀ ਸਵਰ | - | ਗ (ਗੰਧਾਰ) |
| ਸੰਵਾਦੀ ਸਵਰ | - | ਧ (ਧੈਵਤ) |
| ਸਵਰ | - | ਮੇ ਸਵਰ ਤੀਵਰ ਬਾਕੀ ਸਵਰ ਸ਼ੁਧ |
| ਜਾਤੀ | - | ਸੰਪੂਰਣ - ਸੰਪੂਰਣ |
| ਪ੍ਰਾਕ੍ਰਿਤਕੀ | - | ਗੰਭੀਰ |
| ਮਿਲਦੇ ਜੁਲਦੇ ਰਾਗ | - | ਯਮਨ ਕਲਿਆਣ |
| ਨਿਵਾਸ ਦੇ ਸਵਰ | - | ਰੇ, ਗ, ਪ, ਨੀ |
| ਸਮਾਂ | - | ਰਾਤ ਦਾ ਪਹਿਲਾ ਪਹਿਰ |

| | | | | | | | | | | |
|---|---|---|---|---|---|---|---|---|---|---|
| ਆਰੋਹ - | ਨੀ | ਰੇ | ਗ | ਮੇ | ਪ | ਧ | ਨੀ | ਸਂ | | |
| ਅਵਰੋਹ - | ਸਂ | ਨੀ | ਧ | ਪ | ਮੇ | ਗ | ਰੇ | ਸ | | |
| ਪਕੜ - | ਨੀ | ਰੇ | ਗ | ਰੇ | ਸ | ਪ | ਮੇ | ਗ | ਰੇ | ਸ |

ਵਿਸ਼ੇਸ਼ ਨਿਯਮ -

ਇਹ ਰਾਗ ਆਪਣੇ ਥਾਟ ਦਾ ਆਸ਼ਰਯ ਰਾਗ ਹੈ। ਇਸ ਰਾਗ ਵਿੱਚ ਮੇ ਸਵਰ ਤੇ ਬਾਕੀ ਸਵਰ ਸ਼ੁੱਧ ਲਗਦੇ ਹਨ। ਕਲਿਆਣ ਰਾਗ ਪ੍ਰਾਚੀਨ ਰਾਗ ਹੈ, ਪਰ ਮੁਸਮਾਨਾ ਦੇ ਸਮੇਂ ਇਸ ਰਾਗ ਨੂੰ ''ਯਮਨ'' ਯਾਂ ''ਈਮਲ'' ਕਹਿਣ ਲੱਗੇ। ਇਸ ਰਾਗ ਵਿੱਚ ਕਰੁਣ ਰਸ ਦੀ ਪ੍ਰਧਾਨਤਾ ਹੈ। ਗ (ਗੰਧਾਰ) ਸਵਰ ਵਾਦੀ ਹੋਣ ਕਰਕੇ ਪੁਰਵਾਗਵਾਦੀ ਰਾਗ ਹੈ, ਪੁਰਵਾਗ ਵਿੱਚ ਅਰੋਹ ਕਰਦੇ ਹੋਏ ਜਿਆਦਾ 35 ''ਸ'' (ਸੜਜ) ਸਵਰ ਨੂੰ ਛੱਡ ਕੇ ਨੀ ਰੇ ਗ ਸਵਰ ਵਜਾਂਦੇ ਜਾ ਗਾਂਦੇ ਹਨ ਅਤੇ ਉਤਰਾਗ ਦੇ ਸਵਰ ਕਹਿੰਦੇ ਹੋਏ ''ਪ'' (ਪਚੰਮ) ਸਵਰ ਨੂੰ ਛੱਡ ਕੇ ਮੇ ਧ ਨੀ ਸਂ ਸਵਰ ਕਹਿੰਦੇ ਹਨ। ਕਲਿਆਣ ਦੇ ਕਈ ਪ੍ਰਕਾਰ ਹਨ ਜਿਵੇਂ - ਸ਼ੁੱਧ ਕਲਿਆਣ, ਪੁਰੀਆ ਕਲਿਆਣ, ਜੈਤ ਕਲਿਆਣ ਆਦਿ।

ਅਲਾਪ - (1) ਨੀ ਰੇ, ਨੀ ਰੇ ਗ, ਰੇ ਸ, ਨੀ ਧ, ਨੀ ਰੇ ਗ, ਨੀ ਰੇ, ਨੀ ਰੇ ਸ

(2) ਨੀ ਰੇ ਗ, ਰੇ ਸ, ਨੀ ਰੇ, ਸ ਨੀ ਧ, ਨੀ ਰੇ ਗ, ਗੇ, ਗ ਰੇ, ਨੀ ਰੇ ਸ

(3) ਸਂ ਨੀ ਧ ਪ ਮੇ, ਧ ਨੀ, ਰੇ ਗ ਧ, ਨੀ ਰੇ ਗ, ਗਰੇ, ਨੀ ਰੇ ਸ

# ਰਾਗ - ਕਲਿਆਣ (ਤਿੰਨ ਤਾਲ)

## ਮੀਸਤਖਾਨੀ ਗਤ - (ਵਿਲੰਬਿਤ ਲੈਅ)

| 1 | 2 | 3 | 4 | 5 | 6 | 7 | 8 | 9 | 10 | 11 | 12 | 13 | 14 | 15 | 16 |
|---|---|---|---|---|---|---|---|---|---|---|---|---|---|---|---|
| × | | | | 2 | | | | 0 | | | | 3 | | | |
| ਸਥਾਈ | | | | | | | | | | | ਪ੍ਪ੍ | ਮੈ | ਗ੍ਗ੍ | ਮੈ | ਧ |
| | | | | | | | | | | | ਦ੍ਰਿ | ਦਾ | ਦ੍ਰਿ | ਦਾ | ਰਾ |
| ਨੀ | ਨੀ | ਧ | ਪ੍ਪ੍ | ਮੇ | ਰੇ੍ਰੇ੍ | ਗ | ਪ | ਰੇ | ਰੇ | ਸ | | | | | |
| ਦਾ | ਦਾ | ਰਾ | ਦ੍ਰਿ | ਦਾ | ਦ੍ਰਿ | | | | | | | | | | |
| ਅੰਤਰਾ | | | | | | | | | | | ਪ੍ਪ੍ | ਮੇ | ਗ੍ਮੇ੍ | ਧ | ਨੀ |
| | | | | | | | | | | | ਦ੍ਰਿ | ਦਾ | ਦ੍ਰਿ | ਦਾ | ਰਾ |
| ਸਂ | ਸਂ | ਸਂ | ਨੀ੍ਰੇਂ੍ | ਗਂ | ਰੇਂ੍ਰੇਂ੍ | ਸਂ | ਨੀ | ਧ | ਪ | ਮੇ | | | | | |
| ਦਾ | ਦਾ | ਰਾ | ਦ੍ਰਿ | ਦਾ | ਦ੍ਰਿ | ਦਾ | ਰਾ | ਦਾ | ਦਾ | ਰਾ | | | | | |

## ਰਾਗ - ਕਲਿਆਣ

## ਮੀਸਤਖਾਨੀ ਗਤ - ਤਿੰਨ ਤਾਲ

**6 ਤੋੜੇ**

| | 1 | 2 | 3 | 4 | 5 | 6 | 7 | 8 |
|---|---|---|---|---|---|---|---|---|
| | × | | | | 2 | | | |
| 1. | | | | | ਨੀਰੇਗਰੇ | ਨੀਰੇਸ- | ਗਮੇਪਮੇ | ਗਮੇਧ- |
| | | | | | ਦਾਗਦਾਗ | ਦਾਗਦਾਗ | ਦਾਗਦਾਗ | ਦਾਗਦਾਗ |
| 2. | ਨੀਨੀਰੇਰੇ | ਗਗਮੇਮੇ | ਧਧਨੀਨੀ | ਰੇਂਰੇਂ ਸਂ- | ਨੀਰੇਗਰੇ | ਨੀਰੇਸ- | ਗਮੇਪਮੇ | ਗਮੇਧ- |
| | ਦਾਗਦਾਗ | ਦਾਗਦਾਗ | ਦਾਗਦਾਗ | ਦਾਗਦਾਗ | ਦਾਗਦਾਗ | ਦਾਗਦਾਗ | ਦਾਗਦਾਗ | ਦਾਗਦਾਗ |
| 3. | ਨੀਨੀਧਪ | ਧਪਮੇਪ | ਮੇਰੇਗਮੇ | ਗਗਰੇਗ | ਰੇਸਨੀਸ | ਨੀਰੇਗਮੇ | ਪਪਮੇਗ | ਰੇਸਨੀਰੇ |
| | ਦਾਗਦਾਗ | ਦਾਗਦਾਗ | ਦਾਗਦਾਗ | ਦਾਗਦਾਗ | ਦਾਗਦਾਗ | ਦਾਗਦਾਗ | ਦਾਗਦਾਗ | ਦਾਗਦਾਗ |
| 4. | ਧਧਨੀ- | ਧਨੀਸਨੀ | ਨੀਨੀਰੇ- | ਨੀਰੇਗਰੇ | ਰੇਰੇਗ- | ਗਮੇਪਮੇ | ਮੇਮੇਧ- | ਮੇਧਨੀਪ |
| | ਦਾਗਦਾਗ | ਦਾਗਦਾਗ | ਦਾਗਦਾਗ | ਦਾਗਦਾਗ | ਦਾਗਦਾਗ | ਦਾਗਦਾਗ | ਦਾਗਦਾਗ | ਦਾਗਦਾਗ |
| 5. | ਨੀਨੀਨੀਨੀ | ਧਨੀਰੇਂਨੀ | ਧਮੇਪ- | ਪਪਪਪ | ਮੇਗਮੇਧ | ਨੀਧਪ- | ਗਮੇਪਮੇ | ਮਗੇਗਰੇ |
| | ਦਾਗਦਾਗ | ਦਾਗਦਾਗ | ਦਾਗਦਾਗ | ਦਾਗਦਾਗ | ਦਾਗਦਾਗ | ਦਾਗਦਾਗ | ਦਾਗਦਾਗ | ਦਾਗਦਾਗ |
| 6. | ਨੀਰੇਗਰੇ | ਨੀਰੇਗਰੇ | ਨੀਰੇਗਰੇ | ਗਮੇਪ- | ਗਮੇਧਨੀ | ਗਮੇਧਨੀ | ਗਮੇਧਨੀ | ਧਮੇਪ- |
| | ਦਾਗਦਾਗ | ਦਾਗਦਾਗ | ਦਾਗਦਾਗ | ਦਾਗਦਾਗ | ਦਾਗਦਾਗ | ਦਾਗਦਾਗ | ਦਾਗਦਾਗ | ਦਾਗਦਾਗ |

| | 9 | 10 | 11 | 12 | 13 | 14 | 15 | 16 |
|---|---|---|---|---|---|---|---|---|
| | 0 | | | | 3 | | | |
| 1. | ਮੇਧਨੀਧ | ਪਮੇਗਰੇ | ਗਰੇਸ | ਪਪ | ਮੇ- | ਗਗ | ਮੇ- | ਧ- |
| | ਦਾਗਦਾਗ | ਦਾਗਦਾਗ | ਦਾਗਦਾਗ | ਦਾਗਦਾਗ | ਦਾਗਦਾਗ | ਦਾਗਦਾਗ | ਦਾਗਦਾਗ | ਦਾਗਦਾਗ |
| 2. | ਪਮੇਗਰੇ | ਮੇਗਰੇਸ | ਗਰੇਸ | ਪਪ | ਮੇ- | ਗਗ | ਮੇ- | ਧ- |
| | ਦਾਗਦਾਗ | ਦਾਗਦਾਗ | ਦਾਗਦਾਗ | ਦਾਗਦਾਗ | ਦਾਗਦਾਗ | ਦਾਗਦਾਗ | ਦਾਗਦਾਗ | ਦਾਗਦਾਗ |
| 3. | ਗਮੇਪਪ | ਮੇਗਰੇਸ | ਨੀਰੇਗਮੇ | ਪਪ | ਮੇ- | ਗਗ | ਮੇ- | ਧ- |
| | ਦਾਗਦਾਗ | ਦਾਗਦਾਗ | ਦਾਗਦਾਗ | ਦਾਗਦਾਗ | ਦਾਗਦਾਗ | ਦਾਗਦਾਗ | ਦਾਗਦਾਗ | ਦਾਗਦਾਗ |
| 4. | ਧਧਨੀ- | ਸੰਨੀਧਪ | ਮੇਧਨੀਧ | ਨੀ-ਸੰਨੀ | ਧਪਮੇਧ | ਨੀਧਨੀ | ਸੰਨੀਧਪ | ਮੇਧਨੀਧ |
| | ਦਾਗਦਾਗ | ਦਾਗਦਾਗ | ਦਾਗਦਾਗ | ਦਾਗਦਾਗ | ਦਾਗਦਾਗ | ਦਾਗਦਾਗ | ਦਾਗਦਾਗ | ਦਾਗਦਾਗ |
| 5. | ਮੇਗਰੇਸ | ਨੀਨੀਧਪ | ਮੇਗਮੇਧ | ਨੀ-ਨੀਨੀ | ਧਪਮੇਗ | ਮੇਧਨੀ- | ਮੇਗਮੇਧ | |
| | ਦਾਗਦਾਗ | ਦਾਗਦਾਗ | ਦਾਗਦਾਗ | ਦਾਗਦਾਗ | ਦਾਗਦਾਗ | ਦਾਗਦਾਗ | ਦਾਗਦਾਗ | ਦਾਗਦਾਗ |
| 6. | ਮੇਧਨੀਸੰ | ਮੇਧਨੀਸੰ | ਮੇਧਨੀਸੰ | ਨੀਰੇਂਗ- | ਮੇਧਨੀਧ | ਨੀ-ਮੇਧ | ਨੀਧਨੀ- | ਮੇਧਨੀਧ |
| | ਦਾਗਦਾਗ | ਦਾਗਦਾਗ | ਦਾਗਦਾਗ | ਦਾਗਦਾਗ | ਦਾਗਦਾਗ | ਦਾਗਦਾਗ | ਦਾਗਦਾਗ | ਦਾਗਦਾਗ |

## ਰਾਗ - ਕਲਿਆਣ (ਤਿੰਨ ਤਾਲ)

## ਰਜ਼ਾਖਾਨੀ ਗਤ (ਦਰੁਤ ਲੈਅ)

| 1 | 2 | 3 | 4 | 5 | 6 | 7 | 8 | 9 | 10 | 11 | 12 | 13 | 14 | 15 | 16 |
|---|---|---|---|---|---|---|---|---|---|---|---|---|---|---|---|
| ਸਥਾਈ | | | | | | | | | | | | ਨੀ | ਨੀਨੀ | ਰੇ | ਰੇ |
| ਗ | — | ਗ | ਰੇ | ਗ | ਮੇਮੇ | ਪਪ | ਮੇਮੇ | ਗ ऽ | ਗਰੇ | ऽ ਰੇ | ਸ | ਦਾ | ਦਿਰ | ਦਾ | ਗ |
| ਦਾ | ऽ | ਦਾ | ਗ | ਦਾ | ਦਿਰ | ਦਿਰ | ਦਿਰ | ਦਾ ऽ | ਰਦਾ | ऽ ਰ | ਦਾ | ਨੀ | ਧਧ | ਨੀ | ਰੇ |
| ਗ | ਮੇਮੇ | ਪ | ਪ | ਮੇ | ਧਧ | ਪਪ | ਮੇਮੇ | ਗ ऽ | ਗਰੇ | ऽ ਰੇ | ਸ | ਦਾ | ਦਿਰ | ਦਾ | ਰਾ |
| ਦਾ | ਦਿਰ | ਦਾ | ਰਾ | ਦਾ | ਦਿਰ | ਦਿਰ | ਦਿਰ | ਦਾ ऽ | ਰਦਾ | ऽ ਰ | ਦਾ | | | | |
| ਅੰਤਰਾ | | | | | | | | | | | | | | | |
| ਦਾ | ਨੀਨੀ | ਦਾ | ਰਾ | ਦਾ | ਦਿਰ | ਦਿਰ | ਦਿਰ | ਨੀ ऽ | ਰਦਾ | ऽ ਰ | ਦਾ | ਮ | ਗਗ | ਮੇ | ਧ |
| ਨੀ | ਦਿਰ | ਸ | — | ਦਾ | ਦਿਰ | ਦਿਰ | ਦਿਰ | ਦਾ ऽ | ਰਦਾ | ऽ ਰ | ਦਾ | ਧ | ਦਿਰ | ਦਾ | ਗ |
| | | | | | | | | | | | | ਨੀ | ਰੇਂਰੇਂ | ਗਂ | ਰੇਂ |
| | | | | | | | | | | | | ਦਾ | ਦਿਰ | ਦਾ | ਗ |
| ਸਂ | ਨੀਨੀ | ਧ | ਪ | ਮੇ | ਧਧ | ਪਪ | ਮੇਮੇ | ਗ ऽ | ਗਰੇ | ऽ ਰੇ | ਸ | | | | |
| ਦਾ | ਦਿਰ | ਦਾ | ਗ | ਦਾ | ਦਿਰ | ਦਿਰ | ਦਿਰ | ਦਾ ऽ | ਰਦਾ | ऽ ਰ | ਦਾ | | | | |

## ਰਾਗ - ਕਲਿਆਣ ਰਜ਼ਾਖਾਨੀ ਗਤ

**ਤੋੜੇ**

| | 1 | 2 | 3 | 4 | 5 | 6 | 7 | 8 | 9 | 10 | 11 | 12 | 13 | 14 | 15 | 16 |
|---|---|---|---|---|---|---|---|---|---|---|---|---|---|---|---|---|
| | | | | | | | | (1) | ਗਮੇ | ਪਮੇ | ਗਮੇ | ਪਮੇ | ਗਮੇ | ਪਮੇ | ਗਰੇ | ਸ- |
| | | | | | | | | ਦਾਗ | ਦਾਗ | ਦਾਗ | ਦਾਗ | ਦਾਗ | ਦਾਗ | ਦਾਗ | ਦਾਗ | |
| (2) | ਨੀਰੇ | ਗਰੇ | ਗਮੇ | ਪਮੇ | ਗਮੇ | ਪਮੇ | ਗਗ | ਰੇ-ਸ | | | | | | | | |
| | ਦਾਗ | ਦਾਗ | ਦਾਗ | ਦਾਗ | ਦਾਗ | ਦਾਗ | ਦਾਗ | ਦਾਗ | | | | | | | | |
| (3) | ਨੀਰੇ | ਸ- | ਰੇਗ | ਮੇ- | ਗਮੇ | ਪ- | ਮੇਪ | ਧ- | ਪਧ | ਨੀ- | ਧਨੀ | ਸਂ- | ਸਂਨੀ | ਧਪ | ਮੇਗ | ਰੇ-ਸ |
| | ਦਾਗ | ਦਾਗ | ਦਾਗ | ਦਾਗ | ਦਾਗ | ਦਾਗ | ਦਾਗ | ਦਾਗ | ਦਾਗ | ਦਾਗ | ਦਾਗ | ਦਾਗ | ਦਾਗ | ਦਾਗ | ਦਾਗ | ਦਾਗ |
| (4) | ਨੀਰੇ | ਗਮੇ | ਪਮੇ | ਗਮੇ | ਨੀਰੇ | ਗਮੇ | ਪਮੇ | ਗਮੇ | ਨੀਰੇ | ਗਮੇ | ਪਮੇ | ਗਮੇ | ਪਮੇ | ਗਮੇ | ਗਰੇ | ਸ- |
| | ਦਾਗ | ਦਾਗ | ਦਾਗ | ਦਾਗ | ਦਾਗ | ਦਾਗ | ਦਾਗ | ਦਾਗ | ਦਾਗ | ਦਾਗ | ਦਾਗ | ਦਾਗ | ਦਾਗ | ਦਾਗ | ਦਾਗ | ਦਾਗ |

## ਰਾਗ - ਕਲਿਆਣ ਤਿੰਨ ਤਾਲ

## ਰਜ਼ਾਖਾਨੀ ਗਤ - (ਦਰੁੱਤ ਲੈਅ) (ii)

| 1 | 2 | 3 | 4 | 5 | 6 | 7 | 8 | 9 | 10 | 11 | 12 | 13 | 14 | 15 | 16 |
|---|---|---|---|---|---|---|---|---|---|---|---|---|---|---|---|
| × | | | | 2 | | | | 0 | | | | 3 | | | |
| ਸਥਾਈ | | | | | | | | | | | | ਨੀ | ਧਧ | ਨੀ | ਰੇ |
| ਗ | — | ਗ | ਰੇ | ਗ | ਮੇਮੇ | ਪਪ | ਮੇਮੇ | ਗ- | ਗਰੇ | -ਰੇ | ਸ | ਦਾ | ਦਿਰ | ਦਾ | ਗ |
| ਦਾ | ऽ | ਦਾ | ਰਾ | ਦਾ | ਦਿਰ | ਦਿਰ | ਦਿਰ | ਦਾऽ | ਰਦਾ | ऽਰ | ਦਾ | | | | |
| ਮੇ | ਧਧ | ਪ | — | ਗ | ਮੇਮੇ | ਪਪ | ਮੇਮੇ | ਗ- | ਗਰੇ | -ਰੇ | ਸ | ਨੀ | ਧਧ | ਨੀ | ਰੇ |
| ਦਾ | ਦਿਰ | ਦਾ | ऽ | ਦਾ | ਦਿਰ | ਦਿਰ | ਦਿਰ | ਦਾऽ | ਰਦਾ | ऽਰ | ਦਾ | ਦਾ | ਦਿਰ | ਦਾ | ਗ |
| ਅੰਤਰਾ | | | | | | | | | | | | | | | |
| ਨੀ | ਰੇਂਰੇਂ | ਸਂ | — | ਨੀ | ਰੇਂਰੇਂ | ਗਂਗਂ | ਰੇਂਰੇਂ | ਸਂ- | ਸਂਨੀ | -ਨੀ | ਧ | ਪ | ਪਪ | ਸਂ | - |
| ਦਾ | ਦਿਰ | ਦਾ | ऽ | ਦਾ | ਦਿਰ | ਦਿਰ | ਦਿਰ | ਦਾऽ | ਰਦਾ | ऽਰ | ਦਾ | ਦਾ | ਦਿਰ | ਦਾ | ऽ |
| | | | | | | | | | | | | ਗਂ | ਰੇਂਰੇਂ | ਨੀ | ਰੇਂ |
| | | | | | | | | | | | | ਦਾ | ਦਿਰ | ਦਾ | ਰਾ |
| ਸਂ | — | ਨੀ | ਧ | ਪ | ਮੇਮੇ | ਗਗ | ਮੇਮੇ | ਗ- | ਗਰੇ | -ਰੇ | ਸ | | | | |
| ਦਾ | ऽ | ਦੀ | ਰਾ | ਦਾ | ਦਿਰ | ਦਿਰ | ਦਿਰ | ਦਾऽ | ਰਦਾ | ऽਰ | ਦਾ | | | | |

# ਰਾਗ - ਕਲਿਆਣ

## ਰਜ਼ਾਖਾਨੀ ਗਤ - (ਤਿੰਨ ਤਾਲ)

### 6 ਤੋੜੇ

| | 1 | 2 | 3 | 4 | 5 | 6 | 7 | 8 |
|---|---|---|---|---|---|---|---|---|
| | × | | | | 2 | | | |
| 1. | - | - | - | - | ਨੀਰੇ | ਗਰੇ | ਮੇਧ | ਨੀਸ |
| | | | | | ਦਾਗ | ਦਾਗ | ਦਾਗ | ਦਾਗ |
| 2. | ਨੀਰੇ | ਗਮੇ | ਰੇਗ | ਮੇਪ | ਗਮੇ | ਪਧ | ਮੇਧ | ਨੀਸਂ |
| | ਦਾਗ | ਦਾਗ | ਦਾਗ | ਦਾਗ | ਦਾਗ | ਦਾਗ | ਦਾਗ | ਦਾਗ |
| 3. | ਸਂਨੀ | ਧਪ | ਮੇਪ | ਗਮੇ | ਪਧ | ਮੇਪ | ਧਨੀ | ਸਂ- |
| | ਦਾਗ | ਦਾਗ | ਦਾਗ | ਦਾਗ | ਦਾਗ | ਦਾਗ | ਦਾਗ | ਦਾਗ |
| 4. | ਸਨੀ | ਰੇਸ | ਗਰੇ | ਮੇਗ | ਪਮੇ | ਧਪ | ਨੀਧ | ਸਂਨੀ |
| | ਦਾਗ | ਦਾਗ | ਦਾਗ | ਦਾਗ | ਦਾਗ | ਦਾਗ | ਦਾਗ | ਦਾਗ |
| 5. | ਗਂਰੇਂ | ਸਂਗਂ | ਰੇਂਸਂ | ਗਂਰੇਂ | ਸਂਨੀ | ਧਨੀ | ਸਂਧ | ਨੀਸਂ |
| | ਦਾਗ | ਦਾਗ | ਦਾਗ | ਦਾਗ | ਦਾਗ | ਦਾਗ | ਦਾਗ | ਦਾਗ |
| | ਨੀਧ | ਪਮੋ | ਗਰੇ | ਸ- | ਨੀਰੇ | ਗਮੇ | ਪਧ | ਨੀਸਂ |
| | ਦਾਗ | ਦਾਗ | ਦਾਗ | ਦਾਗ | ਦਾਗ | ਦਾਗ | ਦਾਗ | ਦਾਗ |
| 6 | ਸਂਗਂ | ਰੇਂਸਂ | ਨੀਰੇਂ | ਸਂਨੀ | ਧਸਂ | ਨੀਧ | ਪਨੀ | ਧਪ |
| | ਦਾਗ | ਦਾਗ | ਦਾਗ | ਦਾਗ | ਦਾਗ | ਦਾਗ | ਦਾਗ | ਦਾਗ |
| | ਨੀਧ | ਨੀਰੇ | ਨੀਰੇ | ਗ- | ਨੀਧ | ਨੀਰੇ | ਨੀਰੇ | ਸ- |
| | ਦਾਗ | ਦਾਗ | ਦਾਗ | ਦਾਗ | ਦਾਗ | ਦਾਗ | ਦਾਗ | ਦਾਗ |

| | 9 | 10 | 11 | 12 | 13 | 14 | 15 | 16 |
|---|---|---|---|---|---|---|---|---|
| | 0 | | | | 3 | | | |
| 1. | ਨੀਧ | ਧਮੇ | ਗਰੇ | ਸ- | - | - | - | - |
| | ਦਾਗ | ਦਾਗ | ਦਾਗ | ਦਾਗ | - | - | - | - |
| 2. | ਸਨੀ | ਧਪ | ਮੇਗ | ਰੇਸ | - | - | - | - |
| | ਦਾਗ | ਦਾਗ | ਦਾਗ | ਦਾਗ | - | - | - | - |
| 3. | ਨੀਧ | ਪਮੇ | ਗਰੇ | ਸ- | - | - | - | - |
| | ਦਾਗ | ਦਾਗ | ਦਾਗ | ਦਾਗ | - | - | - | - |
| 4. | ਰੇਂਸਂ | ਗਂਰੇਂ | ਸਂਨੀ | ਧਪ | ਮੇਗ | ਰੇਸ | ਨੀਰੇ | ਗਰੇ |
| | ਦਾਗ | ਦਾਗ | ਦਾਗ | ਦਾਗ | ਦਾਗ | ਦਾਗ | ਦਾਗ | ਦਾਗ |
| 5. | ਧਨੀ | ਸਂਨੀ | ਧਪ | ਮੇਪ | ਗਪ | ਮੇਗ | ਮੇਪ | ਗਮੇ |
| | ਦਾਗ | ਦਾਗ | ਦਾਗ | ਦਾਗ | ਦਾਗ | ਦਾਗ | ਦਾਗ | ਦਾਗ |
| 6. | ਮੇਧ | ਪਮੇ | ਗਪ | ਮੇਗ | ਰੇਮੇ | ਗਰੇ | ਸਗ | ਰੇਸ |
| | ਦਾਗ | ਦਾਗ | ਦਾਗ | ਦਾਗ | ਦਾਗ | ਦਾਗ | ਦਾਗ | ਦਾਗ |
| | ਨੀਧ | ਨੀਰੇ | ਨੀਰੇ | ਸ- | | | | |
| | ਦਾਗ | ਦਾਗ | ਦਾਗ | ਦਾਗ | | | | |

## ਪਾਠ - ਅਭਿਆਸ

**ਵਸਤੂਨਿਸ਼ਠ ਪ੍ਰਸ਼ਨ**

1. ਰਾਗ ਕਲਿਆਣ ਦਾ ਥਾਟ ਦੱਸੋ ?
2. ਰਾਗ ਕਲਿਆਣ ਦਾ ਆਰੋਹ - ਅਵਰੋਹ ਦੱਸੋ ?
3. ਰਾਗ ਕਲਿਆਣ ਨੂੰ ਕਦੋਂ ਗਾਇਆ ਵਜਾਇਆ ਜਾਂਦਾ ਹੈ ?
4. ਰਾਗ ਕਲਿਆਣ ਵਿੱਚ ਕਿਹੜੇ ਸੁਰ ਲੱਗਦੇ ਹਨ ?
5. ਰਾਗ ਕਲਿਆਣ ਦੇ ਵਾਦੀ ਸੰਵਾਦੀ ਸੁਰ ਦੱਸੋ ?
6. ਰਾਗ ਕਲਿਆਣ ਦੀ ਜਾਤੀ ਦੱਸੋ ?
7. ਰਾਗ ਪਹਿਚਾਣੋ :-

   ਨੀ ਰੇ ਗ ਮੇ, ਪ ਰੇ, ਗ ਰੇ, ਨੀ ਰੇ ਸ

**ਅਧਿਆਪਕ ਲਈ**

| ਵਿਦਿਆਰਥੀਆਂ ਨੂੰ ਸਿਤਾਰ ਉੱਪਰ ਰਾਗ ਕਲਿਆਣ ਵਜਾਉਣਾ ਸਿਖਾਇਆ ਜਾਵੇ। |
|---|

# ਪਾਠ - 12

## ਰਾਗ ਅਲੱਹੀਆ ਬਿਲਾਵਲ

**''ਅਰੋਹਨ ਮਧਯਮ ਨਹੀ, ਧ - ਗ ਸੰਵਾਦ ਬਖਾਨ**

**ਉਤਰਤ ਕੋਮਲ ਨੀ ਲਗੈ, ਤਾਹੀ ਅਲੱਹੀਆ ਜਾਨ''**

ਸਾਧਾਰਨ ਜਾਣ - ਪਛਾਣ :- ਥਾਟ - ਇਹ ਰਾਗ ਬਿਲਾਵਲ ਥਾਟ ਜਨਯ ਰਾਸ ਹੈ :

ਸਵਰ :- ਕਦੇ - ਕਦੇ ਅਵਰੋਹ ਵਿੱਚ ਕੋਮਲ ਨੁੀ ਦਾ ਵਕਰ ਪ੍ਰਯੋਗ ਹੁੰਦਾ ਹੈ।

ਵਾਦੀ - ਸੰਵਾਦੀ ਸਵਰ : ਇਸ ਰਾਗ ਦਾ ਵਾਦੀ ਸਵਰ ਧੈਵਤ (ਧ) ਅਤੇ ਸੰਵਾਦੀ ਸਵਰ ਗੰਧਾਰ (ਗ) ਹੈ।

ਵਰਜਿਤ ਸਵਰ :- ਅਰੋਹ ਵਿੱਚ ਮਧਯਮ (ਮ) ਸਵਰ

ਮਿਲਦਾ ਜੁਲਦਾ ਰਾਗ :- ਬਿਲਵਾਲ

ਜਾਤੀ : ਇਹ ਰਾਗ ਦੇ ਅਰੋਹ ਵਿੱਚ ''ਮ'' ਸਵਰ ਵਰਜਿਤ ਹੋਣ ਕਰਕੇ ਇਸ ਦੀ ਜਾਤੀ ਸ਼ਾੜਣ - ਸੰਪੂਰਣ

ਅੰਗ : ''ਧ'' ਸਵਰ ਵਾਦੀ ਹੋਣ ਕਰਕੇ ਉਤਰਾਗ ਵਾਦੀ ਰਾਗ ਹੈ।

ਸਮਾ : ਇਸ ਰਾਗ ਦੇ ਗਾਣ - ਵਜਾਣ ਦਾ ਸਮਾਂ ਦਿਨ ਦਾ ਪਹਿਲਾ ਪਹਿਰ

ਨਿਆਸ ਦੇ ਸਵਰ : ਸ਼ ਰੇ ਪ,

ਅਰੋਹ : ਸ, ਗ ਰੇ, ਗਪ, ਧ ਨੀ ਸ

ਅਵਰੋਹ : ਸਂ ਨੀ ਧ, ਪ, ਧ ਨੁੀ ਧ ਪ, ਮ ਗ, ਮ ਰੇ ਸ

ਪਕੜ : ਗ ਰੇ ਗ ਪ, ਧ, ਨੁੀ ਧ ਨੀ ਸਂ

1. ਅਰੋਹ ਵਿਚ ''ਮ'' ਸਵਰ ਦਾ ਪ੍ਰਯੋਗ ਨਹੀ ਕੀਤਾ ਜਾਂਦਾ ਪ੍ਰੰਤੂ ਕਦੇ - ਕਦੇ ਅਵਰੋਹ ਵਿਚ ਕੌਮਲ ਨੁੀ ਦਾ ਵਕਰ ਪ੍ਰਯੋਗ ਕੀਤਾ ਜਾਂਦਾ ਹੈ। ਜਿਵੇਂ : ਸਂ ਨੀ ਧ ਪ, ਧ ਨੁੀ ਧ ਪ
2. ਅਰੋਹ ਵਿੱਚ ''ਗ'' ਸਵਰ ਦਾ ਪ੍ਰਯੋਗ ਵਕਰ ਹੁੰਦਾ ਹੈ ਜਿਵੇਂ : ਗ ਰੇ ਗ ਪ ਮ ਗ

ਅਲਾਪ : - (1) ਸ, ਗ ਰੇ, ਗਪ, ਗ ਮ ਗ ਰੇ, ਗ ਮ ਰੇ ਸ

(2) ਸ ਰੇ ਗ, ਪ ਧ ਨੁੀ ਧ ਪ, ਮ ਗ ਮ ਰੇ, ਸ ਰੇ ਗ ਪ, ਮ ਗ ਮ ਰੇ ਸ

(3) ਗ ਪ ਧ ਨੀ ਸਂ, ਰੇਂ ਸਂ, ਸਂ ਰੇਂ ਗਂ ਮਂ ਰਂ ਸਂ
ਨੀ ਧ ਪ, ਧ ਨੁੀ ਧ ਪ, ਮ ਗ ਮ ਰੇ ਸ

## ਰਾਗ - ਅਲੱਹੀਆ ਬਿਲਾਵਲ (ਤਿੰਨ ਤਾਲ) ਰਜ਼ਾਖਾਨੀ ਗਤ (ਦਰੁੱਤ ਲੈਅ)

| × | | | | 2 | | | | 0 | | | | 3 | | | |
|---|---|---|---|---|---|---|---|---|---|---|---|---|---|---|---|
| 1 | 2 | 3 | 4 | 5 | 6 | 7 | 8 | 9 | 10 | 11 | 12 | 13 | 14 | 15 | 16 |
| ਸਥਾਈ | | | | | | | | ਸ | ਮਮ | ਗ | ਮ | ऽ | ਨੀਨੀ | ਧ | ਨੀ |
| | | | | | | | | ਦਾ | ਦਿਰ | ਦਾ | ਗ | ऽ | ਦਿਰ | ਦਾ | ਗ |
| ਸਂ | — | — | ਨੀ | ਧ | ਮਮ | ਗ | ਮ | | | | | | | | |
| ਦਾ | ऽ | ऽ | ਗ | ਦਾ | ਦਿਰ | ਦਾ | ਗ | | | | | | | | |
| | | | | | | | | ਗ | ਮਮ | ਧ | ਨੀ | ਸਂ | ਨੀਨੀ | ਧ | ਮ |
| | | | | | | | | ਦਾ | ਦਿਰ | ਦਾ | ਗ | ਦਾ | ਦਿਰ | ਦਾ | ਗ |
| ਮ | ਪਪ | ਧਧ | ਮਮ | ਦਾऽ | ਰਦਾ | ऽਰਾ | ਦਾ | | | | | | | | |
| ਦਾ | ਦਿਰ | ਦਿਰ | ਦਿਰ | ਦਾ ऽ | ਰਦਾ | ऽਰਾ | ਦਾ | | | | | | | | |
| ਅੰਤਰਾ | | | | | | | | ਮ | ਗਗ | ਮ | ਮ | ਪ | ਧਧ | ਨੀ | ਨੀ |
| | | | | | | | | ਦਾ | ਦਿਰ | ਦਾ | ਗ | ਦਾ | ਦਿਰ | ਦਾ | ਗ |
| ਸਂ | — | ਸਂ | ਸਂ | ਨੀ | ਨੀਨੀ | ਸਂ | ਸਂ | | | | | | | | |
| ਦਾ | ऽ | ਦਾ | ਗ | ਦਾ | ਦਿਰ | ਦਾ | ਗ | | | | | | | | |
| | | | | | | | | ਧ | ਨੀਨੀ | ਸਂ | ਗਂ | ਰੇਂ | ਸਂਸਂ | ਨੀ | ਧ |
| | | | | | | | | ਦਾ | ਦਿਰ | ਦਾ | ਗ | ਦਾ | ਦਿਰ | ਦਾ | ਗ |
| ਮ | ਪਪ | ਧਧ | ਮਮ | ਗ ऽ | ਗਰੇ | ऽਰੇ | ਸ | | | | | | | | |
| ਦਾ | ਦਿਰ | ਦਿਰ | ਦਿਰ | ਦਾ ऽ | ਰਦਾ | ऽਰਾ | ਦਾ | | | | | | | | |

# ਰਾਗ - ਅਲੱਹੀਆ ਬਿਨਾਵਲ (ਦਰੁੱਤ ਲੈਅ)

## ਰਜ਼ਾਖਾਨੀ ਗਤ

**ਤੋੜੇ**

| | 1 | 2 | 3 | 4 | 5 | 6 | 7 | 8 | 9 | 10 | 11 | 12 | 13 | 14 | 15 | 16 |
|---|---|---|---|---|---|---|---|---|---|---|---|---|---|---|---|---|
| (1) | ਗੁਰੇ<br>ਦ੍ਰਿਰ | ਗੁਗੁ<br>ਦ੍ਰਿਰ | ਪ੍-<br>ਦ੍ਰਿਰ | ਗੁਗੁ<br>ਦ੍ਰਿਰ | ਪ੍ਪ੍<br>ਦ੍ਰਿਰ | ਧ੍-<br>ਦ੍ਰਿਰ | ਧ੍ਪ੍<br>ਦ੍ਰਿਰ | ਨੀਨੀ<br>ਦ੍ਰਿਰ | - | - | - | - | - | ਗਤ | | |
| (2) | ਗੁਪ੍<br>ਦ੍ਰਿਰ | ਮ੍ਗੁ<br>ਦ੍ਰਿਰ | ਮ੍ਰੇ<br>ਦ੍ਰਿਰ | ਪ੍ਨੀ<br>ਦ੍ਰਿਰ | ਧ੍ਪ੍<br>ਦ੍ਰਿਰ | ਮ੍ਗੁ<br>ਦ੍ਰਿਰ | ਮ੍ਰੇ<br>ਦ੍ਰਿਰ | ਸੁਸ੍<br>ਦ੍ਰਿਰ | - | - | - | - | ਗਤ | | | |
| (3) | - | - | - | - | - | - | - | - | ਗੁਗੁ<br>ਦ੍ਰਿਰ | ਪ੍ਪ੍<br>ਦ੍ਰਿਰ | ਧ੍ਧ੍<br>ਦ੍ਰਿਰ | ਨੀਨੀ<br>ਦ੍ਰਿਰ | ਸੰ-<br>ਦ੍ਰਿਰ | ਧ੍ਨੀ<br>ਦ੍ਰਿਰ | ਸੰ-<br>ਦ੍ਰਿਰ | ਧ੍ਨੀ<br>ਦ੍ਰਿਰ |
| (4) | - | - | - | - | - | - | - | - | ਸੰਨ੍<br>ਦ੍ਰਿਰ | ਧ੍ਨੀ<br>ਦ੍ਰਿਰ | ਪ੍ਪ੍<br>ਦ੍ਰਿਰ | ਧ੍ਪ੍<br>ਦ੍ਰਿਰ | ਮ੍ਧ੍<br>ਦ੍ਰਿਰ | ਮ੍ਗੁ<br>ਦ੍ਰਿਰ | ਮ੍ਰੇ<br>ਦ੍ਰਿਰ | ਸੁਸ੍<br>ਦ੍ਰਿਰ |

## ਰਾਗ - ਅਲੱਹੀਆ ਬਿਲਾਵਲ (ਤਿੰਨ ਤਾਲ) ਮਸੀਤਖਾਨੀ ਗਤ (ਵਿਲੰਬਿਤ ਲੈਅ)

| 1 | 2 | 3 | 4 | 5 | 6 | 7 | 8 | 9 | 10 | 11 | 12 | 13 | 14 | 15 | 16 |
|---|---|---|---|---|---|---|---|---|---|---|---|---|---|---|---|
| | | | | | | | ਸਥਾਈ | | | | ਗਰੇ | ਗ | ਪਪ | ਨੀ | ਨੀ |
| | | | | | | | | | | | ਦਿਰ | ਦਾ | ਦਿਰ | ਦਾ | ਗ |
| ਸਂ | ਸਂ | ਸ | ਨੀਨੀ | ਸ | ਰੇਰੇ | ਨੀ | ਸਂ | ਧਨੀਨੀ | ਧਪ | ਮਗ | | | | | |
| ਦਾ | ਦਾ | ਗ | ਦਿਰ | ਦਾ | ਦਿਰ | ਦਾ | ਗ | ਦਾ ਦਿਰ | ਦਾਗ | ਦਾਗ | | | | | |
| | | | | | | | | | | | ਗਰੇ | ਗ | ਮਮ | ਪ | ਗ |
| | | | | | | | | | | | ਦਾਗ | ਦਾ | ਦਿਰ | | ਗ |
| ਮ | ਰੇ | ਸ | ਨੀਨੀ | ਸਂ | ਰੇਂਰੇਂ | ਨੀ | ਸਂ | ਧਨੀਨੀ | ਧਪ | ਮਗ | | | | | |
| ਦਾ | ਦਾ | ਗ | ਦਿਰ | ਦਾ | ਦਿਰ | ਦਾ | ਗ | ਦਾ ਦਿਰ | ਦਾਗ | ਦਾਗ | | | | | |
| | | | | | | | ਅੰਤਰਾ | | | | ਪਪ | ਨੀ | ਧਧ | ਨੀ | ਨੀ |
| | | | | | | | | | | | ਦਿਰ | ਦਾ | ਦਿਰ | ਦਾ | ਰਾ |
| ਸਂ | ਸਂ | ਸਂ | ਸਂਸਂ | ਸਂ | ਰੇਂਰੇਂ | ਗ | ਮ | ਗਂ | ਰੇਂ | ਸਂ | | | | | |
| ਦਾ | ਦਾ | ਗ | ਦਿਰ | ਦਾ | ਦਿਰ | ਦਾ | ਗ | ਦਾ | ਦਾ | ਗ | | | | | |
| ਧ | ਨੀਨੀ | ਧ | ਪ | ਗ | ਪਪ | ਧਨੀਨੀ | ਸਂਰੇਂ | ਸਂਨੀ | ਧਪ | ਮਗ | ਨੀਨੀ | ਸਂ | ਰੇਰੇਂ | ਨੀ | ਸਂ |
| ਦਾ | ਦਿਰ | ਦਾ | ਗ | ਦਾ | ਦਿਰ | ਦਾ ਦਿਰ | ਦਾ ਗ | ਦਾ ਗ | ਦਾਗ | ਦਾਗ | ਦਿਰ | ਦਾ | ਦਿਰ | ਦਾ | ਗ |

## ਰਾਗ ਅਲੱਹੀਆ ਬਿਲਾਵਲ - ਤਿੰਨ ਤਾਲ

## ਮਸੀਤਖਾਨੀ ਗਤ (ਵਿਲੰਬਿਤ ਲੋਅ)

### ਤੋੜੇ

| | 1 | 2 | 3 | 4 | 5 | 6 | 7 | 8 | 9 | 10 | 11 | 12 | 13 | 14 | 15 | 16 |
|---|---|---|---|---|---|---|---|---|---|---|---|---|---|---|---|---|
| 1. | - | - | - | - | ਸਰੇਰੇ | ਗਪ | ਮਗ | ਮਰੇਂ | ਗਪਪ | ਧਨੀ | ਸਂ- | - | - | - | - | ਗਤ ਪਕੜਨੀ |
| | | | | | ਦਾ ਦਿਰ | ਦਿਰ | ਦਿਰ | ਦਿਰ | ਦਾ ਦਿਰ | ਦਿਰ | ਦਿਰ | - | - | - | - | |
| 2. | - | - | - | - | ਨੀਸਂਸਂ | ਗਰੇਂ | ਸਂਨੀ | ਧਪ | ਧਨੀਨੀ | ਧਪ | ਮਗ | - | - | - | - | ਗਤ ਪਕੜਨੀ |
| | | | | | ਦਾਦਿਰ | ਦਿਰ | ਦਿਰ | ਦਿਰ | ਦਾ ਦਿਰ | ਦਿਰ | ਦਿਰ | - | - | - | - | |
| 3. | ਸਨੀਨੀ | ਧਨੀ | ਸ- | ਰੇਗਗ | ਪਮ | ਗ- | ਪਮਮ | ਗਰੇ | ਗਪ | ਧਨੀ | ਸਂ- | - | - | - | - | ਗਤ ਪਕੜਨੀ |
| | ਦਾ ਦਿਰ | ਦਿਰ | ਦਿਰ | ਦਿਰ | ਦਿਰ | ਦਿਰ | ਦਾ ਦਿਰ | ਦਿਰ | ਦਿਰ | ਦਿਰ | ਦਿਰ | - | - | - | - | |
| 4. | ਸਰੇਰੇ | ਸ- | ਗਰੇ | ਸ- | ਪਪਪ | ਧਨੀ | ਸ- | ਪਮਮ | ਗਰੇ | ਗਪ | ਨੀਨੀ | - | - | - | - | |
| | ਦਾ ਦਿਰ | ਦਿਰ | ਦਿਰ | ਦਿਰ | ਦਾ ਦਿਰ | ਦਿਰ | ਦਿਰ | ਦਾ ਦਿਰ | ਦਿਰ | ਦਿਰ | ਦਿਰ | - | - | - | - | |

## ਪਾਠ ਅਭਿਆਸ

### ਵਸਤੂਨਿਸ਼ਠ ਪ੍ਰਸ਼ਨ

1. ਅਲੱਹੀਆ ਬਿਲਾਵਲ ਰਾਗ ਦੇ ਥਾਟ ਦੇ ਥਾਟ ਦਾ ਨਾਂ ਲਿਖੋ ?
2. ਅਲੱਹੀਆ ਬਿਲਾਵਲ ਰਾਗ ਦਾ ਮਿਲਦੇ ਜੁਲਦੇ ਰਾਗ ਦਾ ਨਾਂ ਦੱਸੋ ?
3. ਇਸ ਰਾਗ ਦੇ ਗਾਣ - ਵਜਾਣ ਦਾ ਸਮਾਂ ਕੀ ਹੈ ?
4. ਰਾਗ ਪਹਿਚਾਣ ਕਰੋ :-

   ਨੀ ਧ ਪ, ਧ ਨ਼ੀ ਧ ਪ, ਮ ਗ ਮ ਰੇ ਸ
5. ਇਸ ਰਾਗ ਦੀ ਪ੍ਰਕਿਰਤੀ ਕੈਸੀ ਹੈ ?
6 ਰਾਗ ਅਲੱਹੀਆ ਬਿਲਾਵਲ ਦਾ ਵਾਦੀ ਸਵਰ ਕੀ ਹੈ?
7. ਇਸ ਰਾਗ ਦੀ ਜਾਤੀ ਕੀ ਹੈ ?
8. ਰਾਗ ਅਲੱਹੀਆ ਬਿਲਾਵਲ ਵਿੱਚ ਕਿਹੜੇ ਸਵਰਾਂ ਦਾ ਪਯੋਗ ਹੁੰਦਾ ਹੈ ?

### ਅਧਿਆਪਕ ਲਈ

ਵਿਦਿਆਰਥੀਆਂ ਨੂੰ ਰਾਗ ਬਾਰੇ ਸਮਝਾ ਕੇ ਰਜਾਖਾਨੀ ਗਤ ਤੇ ਮਸੀਤਖਾਨੀ ਗਤ ਸਿਤਾਰ ਤੇ ਵਜਾਣੀ ਸਿਖਾਈ ਜਾਵੇ।

## ਪਾਠ - 13

## ਰਾਗ ਵਰਿੰਦਾਵਲੀ ਸਾਰੰਗ

**ਸਾਧਾਰਣ ਜਾਣ - ਪਛਾਣ**

ਥਾਟ = ਕਾਫੀ

ਵਾਦੀ ਸਵਰ = ਰੇ (ਰਿਸ਼ਬ)

ਸੰਵਾਦੀ ਸਵਰ = ਪ (ਪੰਚਮ)

ਸਵਰ = ਅਰੋਹ ਵਿੱਚ ਸ਼ੁੱਧ ਨੀ ਅਤੇ ਅਵਰੋਹ ਵਿੱਚ ਕੋਮਲ ਨੁੀ ਸਵਰ ਦਾ ਪ੍ਰਯੋਗ ਕੀਤਾ ਜਾਂਦਾ ਹੈ।

ਵਰਜਿਤ ਸਵਰ — ਗ ਤੇ ਧ ਸਵਰ

ਜਾਤੀ — ਔੜਵ - ਔੜਵ

ਗਾਣ/ਵਜਾਣ ਦਾ ਸਮਾਂ — ਦਿਨ ਦਾ ਦੂਸਰਾ ਪਹਿਰ (ਦੁਪਹਿਰ)

ਨਿਆਸ ਦੇ ਸਵਰ — ਸ, ਰੇ, ਪ

ਪ੍ਰਾਕਿਰਤੀ — ਚੰਚਲ

ਮਿਲਦਾ ਜੁਲਦਾ ਰਾਗ — ਸੁਰ ਮਲਾਰ

ਅਰੋਹ : ਨੀ ਸ, ਰੇ ਮ ਪ, ਨੀ ਸਂ

ਅਵਰੋਹ : ਸਂ ਨੁੀ ਧ ਪ ਮ ਰੇ ਸ

ਪਕੜ : ਨੀ ਸ ਰੇ, ਮ ਰੇ, ਪ ਮ ਰੇ, ਨੀ ਸ

ਇਸ ਰਾਗ ਦੀ ਰਚਨਾ ਉੱਤਰ ਪ੍ਰਦੇਸ਼ ਦੇ ਇੱਕ ਲੋਕਗੀਤ ਤੇ ਅਧਾਰ ਤੇ ਹੋਣੀ, ਇਸ ਰਾਗ ਵਿੱਚ ਰਜਾਖਾਨੀ ਗਤ, ਮਸੀਤਖਾਨੀ ਗਤ ਵਜਾਈ ਜਾਂਦੀ ਹੈ। ਸਾਰੰਗ ਦੇ ਕਈ ਪ੍ਰਕਾਰ ਹਨ ਜਿਵੇਂ : ਸ਼ੁਧ ਸਾਰੰਗ, ਗੋਂਡ ਸਾਰੰਗ, ਮੀਆ ਦਾ ਸਾਰੰਗ, ਵਡਹੰਸ ਸਾਰੰਗ, ਮਧਮਾਦੰ ਸਾਰੰਗ ਆਦਿ

ਅਲਾਪ : (1) ਸ, ਨੀ ਸ ਰੇ, ਰੇ ਮ ਰੇ, ਪ ਮ ਰੇ ਸ ਰੇ ਮ ਰੇ, ਨੀ ਸ

(2) ਨੀ ਸ ਰੇ, ਮ ਰੇ, ਮ ਪ ਨੁੀ ਪ, ਮ ਰੇ, ਰੇ ਮ ਪ, ਮ ਰੇ, ਨੀ ਸ

(3) ਮ ਪ ਨੀ ਸਂ, ਨੀ ਸਂ, ਮ ਪ ਨੀ ਸਂ, ਰੇਂ ਨੀ ਸਂ, ਨੁੀ ਪ ਮ ਪ, ਸ ਰੇ ਨੀ ਸ

## ਰਾਗ - ਵਰਿੰਦਾਵਲੀ ਸਾਰੰਗ

## ਮਸੀਤਖਾਨੀਗਤ - ਤਿੰਨ ਤਾਲ (ਵਿਲੰਬਿਤ ਲੈਅ)

| 1 | 2 | 3 | 4 | 5 | 6 | 7 | 8 | 9 | 10 | 11 | 12 | 13 | 14 | 15 | 16 |
|---|---|---|---|---|---|---|---|---|---|---|---|---|---|---|---|
| × | | | | 2 | | | | 0 | | | | 3 | | | |
| ਸਥਾਈ | | | | | | | | | | | ਮਪਨੀਸੰ | ਨੀ | ਪਪ | ਮ-ਰੇਰੇ | ਨੀਸ |
| | | | | | | | | | | | ਦਿਰ ਦਿਰ | ਦਾ | ਦਿਰ | ਦਾऽ ਦਿਰ | ਦਿਰ |
| ਰੇ | ਰੇ | ਸ | ਨੀਸ | ਰੇ | ਮਮ | ਨੀ | ਪ | ਮ | ਰੇ | ਸ | | | | | |
| ਦਾ | ਦਾ | ਰਾ | ਦਿਰ | ਦਾ | ਦਿਰ | ਦਾ | ਰਾ | ਦਾ | ਦਾ | ਰਾ | | | | | |
| ਅੰਤਰਾ | | | | | | | | | | | | | | | |
| | | | | | | | | | | | ਮਮ | ਰੇ | ਮਮ | ਪ | ਮਪਨੀਨੀ |
| | | | | | | | | | | | ਦਿਰ | ਦਾ | ਦਿਰ | ਦਾ | ਦਿਰਦਿਰ |
| ਸੰ | ਸੰ | ਸੰ | ਨੀਸੰ | ਰੇਂ | ਸੰਸੰ | ਨੀ | ਪ | ਮਪਨੀਸ | ਨੀਪਮਰੇ | ਨੀਸ | | | | | |
| ਦਾ | ਦਾ | ਰਾ | ਦਿਰ | ਦਾ | ਦਿਰ | ਦਾ | ਰਾ | ਦਿਰ ਦਿਰ | ਦਿਰ ਦਿਰ | ਦਿਰ | | | | | |

## ਰਾਗ - ਵਰਿੰਦਾਵਲੀ ਸਾਰੰਗ

## ਵਿਲੰਬਿਤ - ਤਿੰਨ ਤਾਲ

**"ਤੋੜੇ"**

| | 1 | 2 | 3 | 4 | 5 | 6 | 7 | 8 |
|---|---|---|---|---|---|---|---|---|
| | × | | | | 2 | | | |
| 1. | ਨੀਸਰੇਮ | ਰੇਸਰੇਮ | ਰੇਸ਼ਰੇਮ | ਪਨੁੀਪਮ | ਪਨੁੀਪਮ | ਪਨੀਸੰਰੇਂ | ਸੰਨੀਸੰਰੇਂ | ਸੰਨੀ, ਸੰਨੀ |
| | ਦਾਰਾਦਾਰਾ | ਦਾਰਾਦਾਰਾ | ਦਾਰਾਦਾਰਾ | ਦਾਰਾਦਾਰਾ | ਦਾਰਾਦਾਰਾ | ਦਾਰਾਦਾਰਾ | ਦਾਰਾਦਾਰਾ | ਦਾਰਾਦਾਰਾ |
| 2. | ਪਮਪਨੀ | ਪਮਪਨੀ | ਪਮਪਮ | ਰੇਮਰੇਸ | ਨੀਸਰੇਮ | ਨੀਸਰੇਮ | ਰੇਮਪਮ | ਰੇਸਨੀਸ |
| | ਦਾਰਾਦਾਰਾ | ਦਾਰਾਦਾਰਾ | ਦਾਰਾਦਾਰਾ | ਦਾਰਾਦਾਰਾ | ਦਾਰਾਦਾਰਾ | ਦਾਰਾਦਾਰਾ | ਦਾਰਾਦਾਰਾ | ਦਾਰਾਦਾਰਾ |
| 3. | ਨੀਸਰੇਸ | ਰੇਮਰੇਸ | ਰੇਮਪਨੀ | ਪਮਪਨੀ | ਪਨੀਸੰਰੇ | ਨੀਸੰਰੇਂਮ | ਰੇਂਸਨੀਸੰ | ਸੰਨੁੀਪਮ |
| | ਦਾਰਾਦਾਰਾ | ਦਾਰਾਦਾਰਾ | ਦਾਰਾਦਾਰਾ | ਦਾਰਾਦਾਰਾ | ਦਾਰਾਦਾਰਾ | ਦਾਰਾਦਾਰਾ | ਦਾਰਾਦਾਰਾ | ਦਾਰਾਦਾਰਾ |
| 4. | ਨੀਸਰੇਸ | ਨੀਸਰੇਮ | ਰੇਸਨੀਸ | ਨੀਸਰੇਮ | ਪਮਰੇਸ | ਨੀਸਰੇਮ | ਪਨੁੀਪਮ | ਰੇਸਨੀਸ |
| | ਦਾਰਾਦਾਰਾ | ਦਾਰਾਦਾਰਾ | ਦਾਰਾਦਾਰਾ | ਦਾਰਾਦਾਰਾ | ਦਾਰਾਦਾਰਾ | ਦਾਰਾਦਾਰਾ | ਦਾਰਾਦਾਰਾ | ਦਾਰਾਦਾਰਾ |
| 5. | ਸ-ਸਸ | ਸਸਸਸ | ਨੀਸਰੇਸ | ਰੇਮਪ- | ਰੇ-ਰੇਰੇ | ਰੇ ਰੇ ਰੇ ਰੇ | ਰੇਮਪਮ | ਪਮਪ- |
| | ਦਾਰਾਦਾਰਾ | ਦਾਰਾਦਾਰਾ | ਦਾਰਾਦਾਰਾ | ਦਾਰਾਦਾਰਾ | ਦਾਰਾਦਾਰਾ | ਦਾਰਾਦਾਰਾ | ਦਾਰਾਦਾਰਾ | ਦਾਰਾਦਾਰਾ |
| 6. | ਰੇਮਪਨੀ | ਸੰ-ਸੰਸੰ | ਮਪਨੀਸੰ | ਰੇਂ-ਰੇਂਰੇਂ | ਸੰਨੁੀਪਮ | ਰੇ- ਰੇ ਰੇ | ਨੀਸਰੇਮ | ਰੇਮਪਨੀ |
| | ਦਾਰਾਦਾਰਾ | ਦਾਰਾਦਾਰਾ | ਦਾਰਾਦਾਰਾ | ਦਾਰਾਦਾਰਾ | ਦਾਰਾਦਾਰਾ | ਦਾਰਾਦਾਰਾ | ਦਾਰਾਦਾਰਾ | ਦਾਰਾਦਾਰਾ |

| | 9 | 10 | 11 | 12 | 13 | 14 | 15 | 16 |
|---|---|---|---|---|---|---|---|---|
| 1. | ਪਮ,ਪਮ | ਰੇਮ,ਰੇਮ | ਰੇਸਨੀਸ | - | - | - | - | - |
| | ਦਾਰਾਦਾਰਾ | ਦਾਰਾਦਾਰਾ | ਦਾਰਾਦਾਰਾ | - | - | - | - | - |
| 2. | ਨੀਸਰੇਮ | ਮਪਨੀਸਂ | ਮਪਨੀਸਂ | - | - | - | - | - |
| | ਦਾਰਾਦਾਰਾ | ਦਾਰਾਦਾਰਾ | ਦਾਰਾਦਾਰਾ | - | - | - | - | - |
| 3. | ਨੀਪਮਰੇ | ਰੇਮਪਨੀ | ਪਮਰੇਸ | - | - | - | - | - |
| | ਦਾਰਾਦਾਰਾ | ਦਾਰਾਦਾਰਾ | ਦਾਰਾਦਾਰਾ | ਦਾਰਾਦਾਰਾ | ਦਾਰਾਦਾਰਾ | ਦਾਰਾਦਾਰਾ | ਦਾਰਾਦਾਰਾ | ਦਾਰਾਦਾਰਾ |
| 4. | ਨੀਸਰੇਮ | ਪਨੀਸਂਰੇਂ | ਸਂਨੀਪਮ | ਰੇਸਨੀਸ | ਪਮਰੇਸ | ਰੇ-ਪਮ | ਰੇਸਰੇ- | ਪਮਰੇਸ |
| | ਦਾਰਾਦਾਰਾ | ਦਾਰਾਦਾਰਾ | ਦਾਰਾਦਾਰਾ | ਦਾਰਾਦਾਰਾ | ਦਾਰਾਦਾਰਾ | ਦਾਰਾਦਾਰਾ | ਦਾਰਾਦਾਰਾ | ਦਾਰਾਦਾਰਾ |
| 5. | ਪ-ਪਪ | ਪਪਪਪ | ਪਨੀਪਮ | ਪਨੀਸਂ | ਸਂਨੀਪਮ | ਰੇ-ਸਂਨੀ | ਪਮਰੇ | ਸਂਨੀਪਮ |
| | ਦਾਰਾਦਾਰਾ | ਦਾਰਾਦਾਰਾ | ਦਾਰਾਦਾਰਾ | ਦਾਰਾਦਾਰਾ | ਦਾਰਾਦਾਰਾ | ਦਾਰਾਦਾਰਾ | ਦਾਰਾਦਾਰਾ | ਦਾਰਾਦਾਰਾ |
| 6. | ਪਨੀਸਂਰੇਂ | ਸਂਨੀਪਮ | ਰੇਮਰੇਸ | ਰੇ-ਸਂਨੀ | ਪਮਰੇਮ | ਰੇਸਰੇ- | ਸਂਨੀਪਮ | ਰੇਮਰੇਸ |
| | ਦਾਰਾਦਾਰਾ | ਦਾਰਾਦਾਰਾ | ਦਾਰਾਦਾਰਾ | ਦਾਰਾਦਾਰਾ | ਦਾਰਾਦਾਰਾ | ਦਾਰਾਦਾਰਾ | ਦਾਰਾਦਾਰਾ | ਦਾਰਾਦਾਰਾ |

## ਰਾਗ - ਵਰਿੰਦਾਵਲੀ ਸਾਰੰਗ

## ਰਜ਼ਾਖਾਨੀ ਗਤ - ਤਿੰਨ ਤਾਲ (ਦਰੁੱਤ ਲੈਅ)

| 1 | 2 | 3 | 4 | 5 | 6 | 7 | 8 | 9 | 10 | 11 | 12 | 13 | 14 | 15 | 16 |
|---|---|---|---|---|---|---|---|---|---|---|---|---|---|---|---|
| × | | | | 2 | | | | 0 | | | | 3 | | | |
| ਸਥਾਈ | | | | | | ਪਨੀ | ਸੰਰੇਂ | ਨੀ | ਸੰਸੰ | ਨੁੀ | ਪ | ਮ | ਰੇਰੇ | ਨੀ | ਸ |
| ਰੇ | — | ਮ | ਮ | ਪ | — | ਦਿਰ | ਦਿਰ | ਦਾ | ਦਿਰ | ਦਾ | ਦਿਰ | ਦਾ | ਦਿਰ | ਦਾ | ਰਾ |
| ਦਾ | ऽ | ਦਾ | ਰਾ | ਦਾ | ऽ | | | | | | | | | | |
| | | | | | | ਰੇ | ਮ | ਪ | ਨੀਨੀ | ਮ | ਪ | ਨੀ | ਸੰਸੰ | ਨੁੀ | ਪ |
| | | | | ਦਾ | | ਰਾ | ਦਾ | ਦਿਰ | ਦਾ | ਰਾ | ਦਾ ਦਿਰ | ਦਾ | ਦਿਰ | ਦਾ | ਰਾ |
| ਸ | ਨੀਨੀ | ਪ | ਮ | ਰੇ | | ਸ | | | | | | | | | |
| ਦਾ | ਦਿਰ | ਦਾ | ਰਾ | ਦਾ | | ਰਾ | | | | | | | | | |
| ਅੰਤਰਾ | | | | | | | | | | | | | | | |
| | | | | | | | | ਮ | ਪਪ | ਨੁੀ | ਪ | ਮ | ਪਪ | ਨੀ | ਨੀ |
| | | | | | | | | ਦਾ | ਦਿਰ | ਦਾ | ਰਾ | ਦਾ | ਦਿਰ | ਦਾ | ਰਾ |
| ਸੰ | — | ਸੰ | ਸੰ | ਰੇਂ | ਨੀਨੀ | ਸੰ | — | | | | | | | | |
| ਦਾ | | ਦਾ | ਰਾ | ਦਾ | ਦਿਰ | ਦਾ | | | | | | | | | |
| | | | | | | | | ਪ | ਨੀਨੀ | ਸੰ | ਰੇਂ | ਨੀ | ਸੰਸੰ | ਨੁੀ | ਪ |
| | | | | | | | | ਦਾ | ਦਿਰ | ਦਾ | ਰਾ | ਦਾ | ਦਿਰ | ਦਾ | ਰਾ |
| ਮ | ਨੀਨੀ | ਪ | ਮ | ਰੇ | ਮ | | | | | | | | | | |
| ਦਾ | ਦਿਰ | ਦਾ | ਰਾ | ਦਾ | ਰਾ | | | | | | | | | | |

# ਤੋੜੇ - ਰਾਗ ਵਰਿੰਦਾਵਲੀ ਸਾਰੰਗ

## ਰਜ਼ਾਖਾਨੀ ਗਤ - ਤਿੰਨ ਤਾਲ

| | 1 | 2 | 3 | 4 | 5 | 6 | 7 | 8 | 9 | 10 | 11 | 12 | 13 | 14 | 15 | 16 |
|---|---|---|---|---|---|---|---|---|---|---|---|---|---|---|---|---|
| | × | | | | 2 | | | | 0 | | | | 3 | | | |
| 1. | - | - | - | - | - | - | ਨੀਸ | ਰੇਮ | ਰੇਮ | ਪਨੀ | ਸੰਰੇਂ | ਸੰਰੇਂ | ਸੰਨੀ | ਪਮ | ਰੇਸ | ਨੀਸ |
| | | | | | | | ਦਿਰ | ਦਿਰ | ਦਿਰ | ਦਿਰ | ਦਿਰ | ਦਿਰ | ਦਿਰ | ਦਿਰ | ਦਿਰ | ਦਿਰ |
| 2. | - | - | - | - | - | - | ਮਪ | ਨੀਸਂ | ਰੇਂਸਂ | ਨੀਸਂ | ਪਨੀ | ਪਮ | ਰੇਮ | ਰੇਸ | ਨੀਸ | ਰੇਸ |
| | | | | | | | ਦਿਰ | ਦਿਰ | ਦਿਰ | ਦਿਰ | ਦਿਰ | ਦਿਰ | ਦਿਰ | ਦਿਰ | ਦਿਰ | ਦਿਰ |
| 3. | - | - | - | - | ਸੰਨੀ | ਪਮ | ਰੇਮ | ਰੇਸ | ਰੇਮ | ਰੇਸ | ਨੀਸ | ਰੇਸ | ਨੀਸ | ਰੇਮ | ਪਨੀ | ਸੰ- |
| | | | | | ਦਿਰ | ਦਿਰ | ਦਿਰ | ਦਿਰ | ਦਿਰ | ਦਿਰ | ਦਿਰ | ਦਿਰ | ਦਿਰ | ਦਿਰ | ਦਿਰ | ਦਿਰ |
| 4. | - | - | - | - | ਸੰਨੀ | ਪਨੀ | ਪਮ | ਰੇਸ | ਨੀਸ | ਰੇਮ | ਪਨੀ | ਸੰਰੇਂ | ਪਨੀ | ਪਮ | ਰੇਸ | ਨੀਸ |
| | | | | | ਦਿਰ | ਦਿਰ | ਦਿਰ | ਦਿਰ | ਦਿਰ | ਦਿਰ | ਦਿਰ | ਦਿਰ | ਦਿਰ | ਦਿਰ | ਦਿਰ | ਦਿਰ |
| 5. | - | - | - | - | ਸਰੇਂ | ਸੰਨੀ | ਪਨੀ | ਪਮ | ਪਨੀ | ਪਮ | ਰੇਮ | ਪਮ | ਰੇਮ | ਪਮ | ਰੇਸ | ਨੀਸ |
| | | | | | ਦਿਰ | ਦਿਰ | ਦਿਰ | ਦਿਰ | ਦਿਰ | ਦਿਰ | ਦਿਰ | ਦਿਰ | ਦਿਰ | ਦਿਰ | ਦਿਰ | ਦਿਰ |
| 6. | ਨੀਸ | ਰੇਮ | ਰੇਸ | ਪਨੀ | ਸੰਰੇਂ | ਸੰਨੀ | ਪਮ | ਰੇਸ | ਰੇਮ | ਰੇਸ | ਰੇ- | ਰੇਮ | ਰੇਸ | ਰੇ- | ਰੇਮ | ਰੇਸ |
| | ਦਿਰ | ਦਿਰ | ਦਿਰ | ਦਿਰ | ਦਿਰ | ਦਿਰ | ਦਿਰ | ਦਿਰ | ਦਿਰ | ਦਿਰ | ਦਿਰ | ਦਿਰ | ਦਿਰ | ਦਿਰ | ਦਿਰ | ਦਿਰ |
| 7. | ਨੀਸ | ਰੇਮ | ਰੇਮ | ਰੇਸ | ਰੇਮ | ਪਨੀ | ਪਨੀ | ਪਮ | ਮਪ | ਨੀਸਂ | ਰੇਂਮੇਂ | ਰੇਂਸਂ | ਪਨੀ | ਪਮ | ਰੇਸ | ਨੀਸ |
| | ਦਿਰ | ਦਿਰ | ਦਿਰ | ਦਿਰ | ਦਿਰ | ਦਿਰ | ਦਿਰ | ਦਿਰ | ਦਿਰ | ਦਿਰ | ਦਿਰ | ਦਿਰ | ਦਿਰ | ਦਿਰ | ਦਿਰ | ਦਿਰ |
| 8. | ਪਮ | ਪਮ | ਰੇਮ | ਰੇਸ | ਨੀਸ | ਨੀਪ | ਨੀਪ | ਮਪ | ਰੇਮ | ਰੇਸ | ਰੇਂਸੇਂ | ਰੇਂਸਂ | ਨੀਪ | ਮਪ | ਰੇਮ | ਰੇਸ |
| | ਦਿਰ | ਦਿਰ | ਦਿਰ | ਦਿਰ | ਦਿਰ | ਦਿਰ | ਦਿਰ | ਦਿਰ | ਦਿਰ | ਦਿਰ | ਦਿਰ | ਦਿਰ | ਦਿਰ | ਦਿਰ | ਦਿਰ | ਦਿਰ |

## ਪਾਠ - ਅਭਿਆਸ

### ਵਸਤੂਨਿਸ਼ਠ ਪ੍ਰਸ਼ਨ

1. ਵਰਿੰਦਾਵਨੀ ਸਾਰੰਗ ਕਿਹੜੇ ਅੰਗ ਦਾ ਰਾਗ ਹੈ?
2. ਵਰਿੰਦਾਵਨੀ ਸਾਰੰਗ ਦਾ ਥਾਟ ਦੱਸੋ ?
3. ਰਾਗ ਵਰਿੰਦਾਵਨੀ ਸਾਰੰਗ ਦੀ ਜਾਤੀ ਦੱਸੋ ?
4. ਰਾਗ ਵਰਿੰਦਾਵਨੀ ਸਾਰੰਗ ਦਾ ਆਰੋਹ - ਅਵਰੋਹ ਦੱਸੋ ?
5. ਵਰਿੰਦਾਵਨੀ ਸਾਰੰਗ ਰਾਗ ਵਿੱਚ ਕਿਹੜੇ ਸੁਰਾਂ ਦਾ ਪ੍ਰਯੋਗ ਕੀਤਾ ਜਾਂਦਾ ਹੈ ?
6. ਰਾਗ ਪਹਿਚਾਣ ਕਰੋ

   ਨੀ ਸ ਰੇ ਮ ਪ ਨੀ ਪ ਮ ਰੇ, ਨੀ ਸ
7. ਰਾਗ ਵਰਿੰਦਾਵਨੀ ਸਾਰੰਗ ਦਾ ਸਮਾਂ ਦੱਸੋ ?
8. ਸਾਰੰਗ ਅੰਗ ਦੇ ਰਾਗਾਂ ਦੇ ਨਾਂ ਦੱਸੋ ?

### ਅਧਿਆਪਕ ਲਈ

ਵਿਦਿਆਰਥੀਆਂ ਨੂੰ ਵਰਿੰਦਾਵਨੀ ਸਾਰੰਗ ਦਾ ਅਭਿਆਸ ਸਿਤਾਰ ਉੱਪਰ ਕਰਵਾਇਆ ਜਾਵੇ।

## ਪਾਠ - 14

## ਤਾਲਾਂ

## i ਤਾਲ ਦਾਦਰਾ

### ਸਾਧਾਰਣ ਜਾਣ - ਪਛਾਣ

ਦਾਦਰਾ ਤਾਲ ਛੇ ਮਾਤਰਾ ਦੀ ਤਾਲ ਹੈ, ਇਸ ਤਾਲ ਦੇ ਭਿੰਨ - ਭਿੰਨ ਮਾਤਰਾ ਦੇ ਦੋ ਵਿਭਾਗ ਹੁੰਦੇ ਹਨ। ਇਸ ਤਾਲ ਦੀ ਪਹਿਲੀ ਮਾਤਰਾ ਤੇ ਸਮ ਜਾ ਪਹਿਲੀ ਤਾਲੀ ਅਤੇ ਚੌਥੀ ਮਾਤਰਾ ਖਾਲੀ ਹੁੰਦੀ ਹੈ। ਇਹ ਸੁਗਮ ਸੰਗੀਤ ਸ਼ੈਲੀ ਦੇ ਨਾਲ ਤਬਲੇ ਤੇ ਵਜਾਈ ਜਾਂਦੀ ਹੈ।

| | | | | | | |
|---|---|---|---|---|---|---|
| ਮਾਤਰਾ | 1 | 2 | 3 | 4 | 5 | 6 |
| ਬੋਲ ਇਕ ਗੁਣ | ਧਾ | ਧਿੰ | ਨਾ | ਧਾ | ਤਿੰ | ਨਾ |
| ਦੁਗਣ | ਧਾਧਿੰ | ਨਾਧਾ | ਤਿੰਨਾ | ਧਾਧਿੰ | ਨਾਧਾ | ਤਿੰਧਾ |
| ਚਿੰਨ | × | 0 | | | | |

## ii ਤਿੰਨ ਤਾਲ

### ਸਾਧਾਰਣ ਜਾਣ - ਪਛਾਣ

ਤਿੰਨ ਤਾਲ ਤਬਲੇ ਦੀ ਪ੍ਰਸਿੱਧ ਤਾਲ ਹੈ। ਇਸ ਤਾਲ ਨੂੰ ''ਤ੍ਰਿਤਾਲ'' ਜਾ ਤਿਨ ਤਾਲ ਵੀ ਕਹਿੰਦੇ ਹਨ ਤਿੰਨ ਤਾਲ ਦੀਆਂ 16 ਮਾਤ੍ਰਾਵਾਂ ਹੁੰਦੀਆਂ ਹਨ, ਜਿੰਨੀ ਨੂੰ ਚਾਰ-ਚਾਰ ਮਾਤ੍ਰਾਵਾਂ ਦੇ ਚਾਰ ਵਿਭਾਗਾਂ ਵਿੱਚ ਵੰਡਿਆ ਜਾਂਦਾ ਹੈ। ਇਸ ਤਾਲ ਦੀ ਪਹਿਲੀ, ਪੰਜਵੀ ਤੇ ਤ੍ਰੇਹਵੀ ਮਾਤ੍ਰਾ ਤੇ ਤਾਲੀ ਅਤੇ ਨੌਂਵੀ ਮਾਤਰਾ ਖਾਲੀ ਹੁੰਦੀ ਹੈ। ਇਸ ਤਾਲ ਦਾ ਪ੍ਰਯੋਗ ਗਾਇਨ ਵਿੱਚ ਦਰੁਤ ਖਿਆਲ, ਤਰਾਨਾ, ਭਜਨ, ਸ਼ਬਦ ਨਾਲ, ਤੰਤ੍ਰ ਵਾਦਾ ਵਿਚ ਮਸੀਤਖਾਨੀ ਗਤ, ਰਜਾਖਾਨੀ ਗਤ ਅਤੇ ਨਰਿਤ ਵਿੱਚ ਕਥਨ ਨਰਿਤ, ਆਦਿ ਵਿੱਚ ਕੀਤਾ ਜਾਂਦਾ ਹੈ। ਇਹ ਤਾਲ ਵਿਲੰਬਿਤ, ਮੱਧ ਅਤੇ ਦਰੁਤ ਲੈਅ

| ਮਾਤਰਾ | 1 | 2 | 3 | 4 | 5 | 6 | 7 | 8 | 9 | 10 | 11 | 12 | 13 | 14 | 15 | 16 |
|---|---|---|---|---|---|---|---|---|---|---|---|---|---|---|---|---|
| ਬੋਲ ਇੱਕ ਗੁਣ | ਧਾ | ਧਿੰ | ਧਿੰ | ਧਾ | ਧਾ | ਧਿੰ | ਧਿੰ | ਧਾ | ਧਾ | ਤਿੰ | ਤਿੰ | ਤਾ | ਤਾ | ਧਿੰ | ਧਿੰ | ਧਾ |
| ਦੁਗਨ | ਧਾਧਿੰ | ਧਿਧਾ | ਧਾਧਿੰ | ਧਿੰਧਾ | ਧਾਤਿੰ | ਤਿੰਤਾ | ਤਾਧਿੰ | ਧਿੰਧਾ | ਧਾਧਿੰ | ਧਿੰਧਾ | ਧਾਧਿੰ | ਧਿੰਧਾ | ਧਾਤਿੰ | ਤਿੰਤਾ | ਤਾਧਿੰ | ਧਿੰਧ |
| ਤਾਲ ਚਿੰਨ | × | | | | 2 | | | | 0 | | | | 3 | | | |

## iii ਝਪ ਤਾਲ

### ਸਾਧਾਰਣ ਜਾਣ - ਪਛਾਣ

ਝਪ ਤਾਲ ਤਬਲੇ ਦੀ ਖੰਡ ਜਾਤੀ ਦੀ ਪ੍ਰਚਲਿਤ ਤਾਲ ਹੈ। ਝਪ ਤਾਲ ਦੀਆਂ 10 ਮਾਤ੍ਰਾਵਾਂ ਹੁੰਦੀਆਂ ਹਨ। ਇਸ ਤਾਲ ਦੇ 2-3, 2-3, ਮਾਤਰਾ ਦੇ ਚਾਰ ਵਿਭਾਗ ਹੁੰਦੇ ਹਨ। ਇਸ ਤਾਲ ਦੀ ਪਹਿਲੀ, ਤੀਜੀ, ਅੱਠਵੀ ਮਾਤਰਾ ਤੇ ਤਾਲੀ ਅਤੇ ਛੇਵੀ ਮਾਤਰਾ ਖਾਲੀ ਹੁੰਦੀ ਹੈ। ਇਸ ਦੀ ਝੂਮਦੀ ਹੋਈ ਚਾਲ ਤੋਂ ਇਸ ਦਾ ਨਾਮ ਝਪ ਤਾਲ ਪੈ ਗਿਆ। ਇਹ ਤਾਲ ਸ਼ਿੰਗਾਰ ਰਸ ਦੀ ਪਰਿਚਾਰਿਕ ਹੈ ਇਸ ਤਾਲ ਦਾ ਪ੍ਰਯੋਗ ਖਿਆਲ ਗੀਤ, ਕਥਕ ਨਰਿਤ ਅਤੇ ਗਤਾ ਨਾਲ ਵਜਾਈ ਜਾਦੀ ਹੈ।

| ਮਾਤਰਾ | 1 | 2 | 3 | 4 | 5 | 6 | 7 | 8 | 9 | 10 |
|---|---|---|---|---|---|---|---|---|---|---|
| ਬੋਲ | ਧਿੰ | ਨਾ | ਧਿੰ | ਧਿੰ | ਨਾ | ਤਿੰ | ਨਾ | ਧਿੰ | ਧਿੰ | ਨਾ |
| ਇਕ ਗੁਣ | ਧਿੰਨਾ | ਧਿੰਧਿੰ | ਨਾਤਿੰ | ਨਾਧਿੰ | ਧਿੰਨਾ | ਧਿੰਨਾ | ਧਿੰਧਿੰ | ਨਾਤਿੰ | ਨਾਧਿੰ | ਧਿੰਨਾ |
| ਚਿੰਨ | × | | 2 | | | 0 | | 3 | | |

# ਚੋਤਾਲ

## ਸਾਧਾਰਣ ਜਾਣ - ਪਛਾਣ

ਚੌਤਾਲ 12 ਮਾਤਰਾ ਦੀ ਤਾਲ ਹੈ। ਇਸ ਤਾਲ ਦੇ 2-2 ਮਾਤਰਾ ਦੇ ਛੇ ਵਿਭਾਗ ਦੇ ਹੁੰਦੇ ਹਨ। ਇਸ ਤਾਲ ਦੀ ਪਹਿਲੀ ਮਾਤਰਾ ਦੇ ਸਮ ਜਾ ਤਾਲੀ, ਪੰਜਵੀ ਮਾਤਰਾ ਤੇ ਦੂਜੀ ਤਾਲੀ, ਨੌਵੀ ਮਾਤਰਾ ਤੇ ਤੀਜੀ ਤਾਲੀ, ਅਤੇ ਗਿਆਰਵੀ ਮਾਤਰਾ ਤੇ ਚੌਥੀ ਤਾਲੀ ਹੈ, ਇਸ ਤਾਲ ਦੀ ਤੀਜੀ ਤੇ ਸੱਤਵੀ ਮਾਤਰਾ ਖਾਲੀ ਹੈ। ਚੌਤਾਲ ਪਖਾਵਜ ਤੇ ਵਜਣ ਵਾਲੀ ਤਾਲ ਹੈ। ਇਸ ਤਾਲ ਦਾ ਪ੍ਰਯੋਗ ਧਰੁਪਦ ਅੰਗ ਦੀ ਗਾਇਕੀ ਨਾਲ ਸੰਗਤ ਕਰਨ ਲਈ ਸੁਤੰਤਰ ਵਾਦਨ ਵਿਚ ਵੀ ਕੀਤਾ ਜਾਂਦਾ ਹੈ। ਇਕ ਗੰਭੀਰ ਪ੍ਰਕਿਰਤੀ ਦੀ ਤਾਲ ਹੈ, ਇਸ ਨੂੰ ਖੁੱਲ੍ਹੇ ਹੱਥਾਂ ਨਾਲ ਵਜਾਇਆ ਜਾਂਦਾ ਹੈ।

| ਮਾਤਰਾ | 1 | 2 | 3 | 4 | 5 | 6 | 7 | 8 | 9 | 10 | 11 | 12 |
|---|---|---|---|---|---|---|---|---|---|---|---|---|
| ਬੋਲ ਇਕ ਗੁਣ | ਧਾ | ਧਾ | ਧਿੰ | ਤਾ | ਕਿਟ | ਧਾ | ਧਿੰ | ਤਾ | ਤਿਟ | ਕਤ | ਗਦਿ | ਗਨ |
| ਦੁਗਣ | ਧਾਧਾ | ਧਿੰਤਾ | ਕਿਟਧਾ | ਧਿੰਤਾ | ਤ੍ਰਿਟਕਤ | ਗਦਿ ਗਨ | ਧਾਧਾ | ਧਿੰਤਾ | ਕਿਟਧਾ | ਧਿੰਤਾ | ਤ੍ਰਿਟਕਤ | ਗਦਿ ਗਨ |
| ਚਿੰਨ | × | | 0 | | 2 | | 0 | | 3 | | 4 | |

# ਪਾਠ - 15 ਧੁਨ

ਧੁਨ i

| 1 | 2 | 3 | 4 | 5 | 6 | 7 | 8 |
|---|---|---|---|---|---|---|---|
| × | | | | 0 | | | |
| ਸਥਾਈ | | | | | | | |
| | | | | | ਨੀ | ਰੇ | — |
| | | | | | ਦਾ | ਰਾ | ऽ |
| ਗ | — | ਗਮੇ | ਪ | — | ਰੇ | ਗ | ਰੇ |
| ਦਾ | ऽ | ਦਿਰ | ਦਾ | ऽ | ਦਾ | ਰਾ | ਦਾ |
| ਸ | — | — | — | — | ਨੀ | ਰੇ | — |
| ਦਾ | ऽ | ऽ | ऽ | ऽ | ਦਾ | ਰਾ | ऽ |
| ਗ | — | ਗਮੇ | ਪ | — | ਰੇ | ਗ | ਰੇ |
| ਦਾ | ऽ | ਦਿਰ | ਦਾ | ऽ | ਦਾ | ਰਾ | ਦਾ |
| ਸ | — | — | — | — | ਨੀ | ਰੇ | — |
| ਦਾ | ऽ | ऽ | ऽ | ऽ | ਦਾ | ਰਾ | ऽ |
| ਗ | — | ਪ | ਪ | — | ਰੇ | ਗ | ਰੇ |
| ਦਾ | ऽ | ਦਾ | ਗ | ऽ | ਦਾ | ਰਾ | ਦਾ |
| ਸ | — | — | — | — | | | |
| ਦਾ | ऽ | ऽ | ऽ | ऽ | | | |
| ਅੰਤਰਾ | | | | | | | |
| | | | | | ਗ | — | ਮੇ |
| ਧ | — | ਮੇ | ਧ | | ਦਾ | ऽ | ਗ |
| ਦਾ | ऽ | ਦਾ | ਰਾ | ਸਂ | — | ਸਂ | ਸਂ |
| ਨੀ | ਰੇਂ | ਸਂ | — | ਦਾ | ऽ | ਦਾ | ਰਾ |
| ਦਾ | ਰਾ | ਦਾ | ऽ | ऽ | | | |
| | | | | | ਨੀ | — | ਨੀ |
| | | | | | ਦਾ | ऽ | ਰਾ |
| ਨੀ | ਸਂ | ਸਂ | ਸਂ | ਸ | — | ਧ | ਨੀ |
| ਦਾ | ਰਾ | ਦਾ | ਰਾ | ਦਾ | ऽ | ਦਾ | ਰਾ |
| ਧ | ਪ | ਮੇ | ਧ | ਪ | | | |
| ਦਾ | ਰਾ | ਦਾ | ਰਾ | ਦਾ | | | |
| | | | | | — | ਮੇ | — |
| ਗ | ਮੇ | ਗ | ਰੇ | ਸ | ऽ | ਦਾ | ऽ |
| ਦਾ | ਰਾ | ਦਾ | ਰਾ | ਦਾ | | | |

# ਰਾਗ ਵਰਿੰਦਾਵਨੀ ਸਾਰੰਗ (ਤਾਲਕਹਿਰਵਾ ਤਾਲ)

ਧੁਨ ii

| 1 | 2 | 3 | 4 | 5 | 6 | 7 | 8 |
|---|---|---|---|---|---|---|---|
| × | | | | 0 | | | |
| ਸਥਾਈ | | | | | | | |
| ਨੀ | ਸੰ | ਨੀ | ਸੰ | ਨੀ | ਸੰ | ਨੀ | ਸੰ |
| ਦਾ | ਰਾ | ਦਾ | ਰਾ | ਦਾ | ਰਾ | ਦਾ | ਗ |
| ਮੰ | ਰੇਂ | ਸੰ | ਨ਼ੀ | ਪ | — | — | — |
| ਦਾ | ਰਾ | ਦਾ | ਗ | ਦਾ | ঽ | ঽ | ঽ |
| ਪ | ਨ਼ੀ | ਪ | ਨ਼ੀ | ਪ | ਨ਼ੀ | ਪ | ਨ਼ੀ |
| ਦਾ | ਰਾ | ਦਾ | ਰਾ | ਦਾ | ਰਾ | ਦਾ | ਗ |
| ਸੰ | ਨ਼ੀ | ਪ | ਮ | ਰੇ | — | — | — |
| ਦਾ | ਰਾ | ਦਾ | ਗ | ਦਾ | ঽ | ঽ | ঽ |
| ਪ | ਨੀ | ਸੰ | ਸੰ | ਸੰ | ਸੰ | ਸੰ | — |
| ਦਾ | ਰਾ | ਦਾ | ਰਾ | ਦਾ | ਰਾ | ਦਾ | ঽ |
| ਮ | ਪ | ਨ਼ੀ | ਨ਼ੀ | ਨ਼ੀ | ਨ਼ੀ | ਨ਼ੀ | — |
| ਦਾ | ਰਾ | ਦਾ | ਰਾ | ਦਾ | ਰਾ | ਦਾ | ঽ |
| ਅੰਤਰਾ | | | | | | | |
| ਪ | ਨੀ | ਸੰ | ਰੇਂ | ਸੰ | ਨੀ | ਪ | ਮ |
| ਦਾ | ਰਾ | ਦਾ | ਰਾ | ਦਾ | ਗ | ਦਾ | ਗ |
| — | ਪ | ਨੀ | ਮ | ਪ | — | — | — |
| ঽ | ਦਾ | ਗ | ਦਾ | ਰਾ | ঽ | ঽ | ঽ |
| ਪ | ਮ | ਰੇ | ਸ | — | ਰੇ | ਸ | ਨੀ |
| ਦਾ | ਰਾ | ਦਾ | ਗ | ঽ | ਦਾ | ਗ | ਦਾ |
| ਪ | ਨੀ | ਸ | ਰੇ | ਸ | — | — | — |
| ਦਾ | ਰਾ | ਦਾ | ਗ | ਦਾ | ঽ | ঽ | ঽ |
| ਸ | ਰੇ | — | ਮ | ਮ | ਪ | — | ਨ਼ੀ |
| ਦਾ | ਰਾ | ঽ | ਦਾ | ਦਾ | ਗ | ঽ | ਦਾ |
| ਪ | ਨੀ | — | ਸੰ | ਮੰਰੇਂ | ਸੰਨੀ | ਸੰ- | — |
| ਦਾ | ਰਾ | ঽ | ਦਾ | ਦਿਰ | ਦਿਰ | ਦਾঽ | ঽ |

# ਪਾਠ - 16

## ਰਾਸ਼ਟਰੀ ਗਾਨ

ਭਾਰਤ ਦੀ ਆਜ਼ਾਦੀ ਤੋਂ ਪਹਿਲਾਂ ਕਈ ਕਵੀਆਂ ਨੇ ਭਾਰਤ ਵਾਸੀਆਂ ਦੇ ਦਿਲਾਂ ਵਿੱਚ ਭਾਰਤ ਨੂੰ ਆਜ਼ਾਦ ਕਰਵਾਉਣ ਲਈ ਕਈ ਜੋਸ਼ ਭਰੇ ਗੀਤ ਅਤੇ ਕਵਿਤਾਵਾਂ ਲਿਖਿਆ। ਜਿਨ੍ਹਾਂ ਵਿਚੋਂ ਬੰਗਾਲ ਦੇ ਇਕ ਮਹਾਨ ਕਵੀ ਰਵਿੰਦਰਨਾਥ ਟੈਗੋਰ ਨੇ ਆਪਣੇ ਲਿਖੇ ਗੀਤ ਨੂੰ ਜਨਤਾ ਦੇ ਸਾਹਮਣੇ 'ਜਨ - ਗਣ - ਮਨ' ਲਿਆਦਾ। ਕਿਉਂਕਿ ਰਵਿੰਦਰਨਾਥ ਟੈਗੋਰ ਦੇ ਦਿਲ ਵਿੱਚ ਰਾਸ਼ਟਰੀ ਚੇਤਨਾ ਕੁੱਟ - ਕੁਟ ਕੇ ਭਰੀ ਹੋਈ ਸੀ। ਸੰਨ 1908 ਤੋਂ ਬਾਅਦ ਇਹਨਾਂ ਨੇ ਕਈ ਹੋਰ ਵੀ ਰਾਸ਼ਟਰੀ ਰਚਨਾਵਾਂ ਲਿਖਿਆ। ਇਹਨਾਂ ਗੀਤਾ ਰਾਹੀਂ ਉਹਨਾਂ ਨੇ ਭਾਰਤ ਵਾਸੀਆਂ ਦੇ ਅੰਦਰ ਜੋਸ਼, ਮਰਮਿੱਟਣ ਦਾ ਜਜ਼ਬਾ ਅਤੇ ਆਤਮ ਵਿਸ਼ਵਾਸ ਜਗਾਇਆ।

24 ਜਨਵਰੀ 1950 ਵਾਲੇ ਦਿਨ ਸੰਵਿਧਾਨ ਸਭਾ ਦੇ ਅਧਿਅਕਸ਼ 'ਰਾਜੇਂਦਰ ਪ੍ਰਸਾਦ' ਇਸ ਦਿਨ ਆਪਣੇ ਪਦ ਤੋਂ ਫੈਸਲਾ ਸੁਣਾਇਆ ਕਿ ਰਵਿੰਦਰਨਾਥ ਟੈਗੋਰ ਰਾਹੀਂ ਰਚਿਡ ਜਨ - ਗਣ - ਮਨ ਰਾਸ਼ਟਰੀ ਗਾਨ ਹੋਵੇਗਾ।

ਦੇਸ਼ ਦਾ ਕੋਈ ਵੀ ਰਾਸ਼ਟਰੀ ਸਮਾਰੋਹ ਜਾਂ ਰਾਸ਼ਟਰ ਦਿਵਸ ਇਸ ਗੀਤ ਤੋਂ ਆਰੰਭ ਅਤੇ ਖਤਮ ਹੁੰਦਾ ਹੈ। ਸਕੂਲਾਂ, ਕਾਲਜਾਂ ਜਾਂ ਯੂਨੀਵਰਸਿਟੀਆਂ ਵਿੱਚ ਇਸ ਨੂੰ ਬਹਤੁ ਆਦਰ ਦਿੱਤਾ ਗਿਆ ਹੈ ਅਤੇ ਇਸ ਦਾ ਹਰ ਰੋਜ਼ ਗਾਨ ਹੁੰਦਾ ਹੈ। ਹੋਰ ਤੇ ਹੋਰ ਜੇਕਰ ਅੰਤਰਰਾਸ਼ਟਰੀ ਖੇਡਾਂ ਵਿੱਚ ਭਾਰਤ ਤਾਰ ਲੈ ਰਿਹਾ ਹੋਵੇ ਉਥੇ ਵੀ ਰਾਸ਼ਟਰੀ ਗਾਨ ਨੂੰ ਪਹਿਲ ਦਿੱਤੀ ਜਾਂਦੀ ਹੈ।

ਰਾਸ਼ਟਰੀ ਗਾਨ

ਜਨ - ਗਣ - ਮਨ - ਅਧਿਨਾਯਕ ਜਯ ਹੇ।
ਭਾਰਤ ਭਾਗਯ ਵਿਧਾਤਾ॥
ਪੰਜਾਬ ਸਿੰਧ - ਗੁਜਰਾਤ ਮਰਾਠਾ
ਦ੍ਰਾਵਿੜ - ਉਤਕਲ - ਬੰਗ।
ਵਿੰਧਯ ਹਿਮਾਚਲ ਯਮੁਨਾ ਗੰਗਾ।।
ਉੱਛਲ ਜਲਧਿ ਤਰੰਗ।
ਤਵ ਸ਼ੁਭ ਨਾਮੇ ਜਾਗੇ।
ਤਵ ਸ਼ੁਭ ਆਸ਼ਿਸ਼ ਮਾਂਗੇ।
ਗਾਹੇ ਤਵ ਜਯ ਗਾਥਾ
ਜਨ-ਗਣ-ਮੰਗਲਦਾਯਕ ਜਯ ਹੇ,
ਭਾਰਤ-ਭਾਗਯ ਵਿਧਾਤਾ
ਜਯ ਹੇ, ਜਯ ਹੇ, ਜਯ ਹੇ,
ਜਯ ਜਯ ਜਯ, ਜਯ ਹੇ ——

(ਰਵਿੰਦਰਨਾਥ ਟੈਗੋਰ)

# ਰਾਸ਼ਟਰੀ ਗਾਨ ਦੇ ਨਿਯਮ

1. ਰਾਸ਼ਟਰੀ ਗਾਨ ਦਾ ਗਾਇਨ ਸਾਡੇ ਸਾਰੇ ਰਾਸਟਰੀ ਸਮਾਰੋਹਾਂ ਦੇ ਸ਼ੁਰੂ ਅਤੇ ਸਮਾਪਤੀ ਤੇ ਦਿਤਾ ਜਾਂਦਾ ਹੈ। ਇਸ ਦੇ ਗਾਇਨ ਸੰਬੰਧੀ ਨਿਯਮਾਂ ਦਾ ਪਾਲਨ ਕਰਨਾ ਜ਼ਰੂਰੀ ਹੈ।
2 ਰਾਸ਼ਟਰੀ ਗਾਨ ਦਾ ਗਾਇਨ 52 ਸੈਕਿੰਟਾਂ ਵਿੱਚ ਸਮਾਪਤ ਕਰਨਾ ਚਾਹੀਦਾ ਹੈ।
3. ਇਸ ਦਾ ਗਾਇਨ ਸਵਧਾਨ ਮੁਦਰਾਂ ਨਾਲ ਕਰਨਾ ਚਾਹੀਦਾ ਹੈ।
4. ਇਸ ਦਾ ਗਾਇਨ ਇਕਾਗਰ ਮਨ ਨਾਲ ਕਰਨਾ ਚਾਹੀਦਾ ਹੈ।
5. ਇਸ ਦਾ ਗਾਇਨ ਕਰਦੇ ਸਮੇਂ ਅੱਖਾਂ ਨੂੰ ਇਧਰ ਉਧਰ ਘੁਮਾਂਦੇ ਨਹੀਂ ਰਹਿਣਾ ਚਾਹੀਦਾ, ਅੱਖਾਂ ਨੂੰ ਸਿਰਫ ਸਾਹਮਣੇ ਵੱਲ ਹੀ ਰਖਣਾ ਚਾਹੀਦਾ ਹੈ।

ਸਵਰ ਲਿਪੀ :-

| | | | | | | | | | | | | | | | |
|---|---|---|---|---|---|---|---|---|---|---|---|---|---|---|---|
| ਸ | ਰ | ਗ | ਗ | ਗ | ਗ | ਗ | ਗ | ਗ | - | ਗ | ਗ | ਰੇ | ਗ | ਮ | - |
| ਜ | ਨ | ਗ | ਣ | ਮ | ਨ | ਅ | ਧਿ | ਨਾ | - | ਯ | ਕ | ਜ | ਯ | ਹੇ | |
| ਗ | - | ਗ | ਗ | ਰੇ | - | ਰੇ- | ਰੇ | ਨੀ | ਰੇ | ਸ | - | - | - | ਸ | - |
| ਭਾ | | ਰ | ਤ | ਭਾ | ऽ | ਗਯ | ਵਿ | ਧਾ | ऽ | ਤਾ | ऽ | ऽ | ऽ | ਪੰ | ऽ |
| ਪ | - | ਪ | ਪ | - | ਪ | ਪ | ਪ | ਪ | - | ਪ | ਪ | ਪ | - | ਮ | - |
| ਜਾ | ऽ | ਬ | ਸਿੰ | ऽ | ਧ | ਗੁ | ਜ | ਰਾ | ऽ | ਤ | ਮ | ਰਾ | ऽ | ਠਾ | ऽ |
| ਮ- | - | ਮ | ਮ | ऽ | ਮ | ਮ | ਮ | ਗ | ਰੇ | ਮ | ਗ | - | - | - | - |
| ਦਰਾ | ऽ | ਵਿ | ੜ | ਓ | ਤ | ਕੱ | ਲ | ਬੰ | ऽ | ਗ | ऽ | ऽ | ऽ | ऽ | ऽ |
| ਗ | - | ਗ | ਗ | ਗ | - | ਗ | ਰੇ | ਪ | ਪ | ਪ | ਮ | ਮ | - | ਮ | ਮ |
| ਵਿੰ | ऽ | ਧ | ਹਿ | ਮਾ | ऽ | ਚ | ਲ | ਯ | ਮ | ਨਾ | ऽ | ਗੰ | ऽ | ਗਾ | ऽ |
| ਗ | - | ਗ | ਗ | ਰੇ | ਰੇ | ਰੇ | ਰੇ | ਨੀ | ਰੇ | ਸ | - | - | - | - | - |
| ਓ | ऽ | ਛੱ | ਲ | ਜ | ਲ | ਧੀ | ਤੰ | ਰ | ऽ | ਗ | ऽ | ऽ | ऽ | ऽ | ऽ |
| ਸ | ਰੇ | ਗ | ਗ | ਗ | - | ਗ | - | ਰੇ | ਮ | ਗ | - | - | - | - | - |
| ਤ | ਵ | ਸ਼ੁ | ਭ | ਨਾ | ऽ | ਮੇਂ | ਜਾ | ऽ | ਗੇ | ऽ | ऽ | ऽ | ऽ | ऽ | ऽ |
| ਗ | ਮ | ਪ | ਪ | ਪ | ऽ | ਮ | ਗ | ਰੇ | ਗ | ਮ | - | - | - | - | - |
| ਤ | ਵ | ਸ਼ੁ | ਭ | ਆ | ऽ | ਸ਼ਿ | ਸ਼ | ऽ | ਗੇ | ऽ | ऽ | ऽ | ऽ | ऽ | ऽ |
| ਗ | - | ਗ | - | ਰੇ | ਰੇ | ਰੇ | ਰੇ | ਨੀ | ਰੇ | ਸ | - | - | - | - | - |
| ਗਾ | ऽ | ਹੇ | ऽ | ਤ | ਵ | ਜ | ਯ | ਗਾ | ऽ | ਥਾ | ऽ | ऽ | ऽ | ऽ | ऽ |
| ਸ | ਸ | ਪ | ਪ | ਪ | - | ਪ | ਪ | ਪ | - | ਪ | ਪ | ਪ | ਪ | ਮ | - |
| ਜ | ਨ | ਗ | ਨ | ਮੰ | ऽ | ਗ | ਲ | ਦਾ | ऽ | ਯ | ਕ | ਜ | ਯ | ਹੇ | |
| ਮ | - | ਮ | ਮ | ਮ | - | ਮ- | ਮ | ਰੇ | ਮ | ਗਾ | - | - | - | - | - |
| ਭਾ | ऽ | ਰ | ਤ | ਭ | ऽ | ਗਯ | ਵਿ | ਧਾ | ऽ | ਤਾ | ऽ | ऽ | ऽ | ऽ | ऽ |
| ਨੀ | ਨੀ | ਸੰ | - | - | - | - | - | ਨੀ | ਨੀ | ਧ | - | - | - | - | - |
| ਜ | ਯ | ਹੇ | ऽ | ऽ | ऽ | ऽ | ऽ | ਸ | ਸ | ਰੇ | ਰੇ | ਗ | ਗ | ਗ | ਰੇ |
| | | | | | | | | ਜ | ਯ | ਹੋ | ऽ | ऽ | ऽ | ऽ | ऽ |
| ਪ | ਪ<br>ਯ | ਧ | - | - | - | - | - | ਜ | ਯ | ਜ | ਯ | ਜ | ਯ | ਜ | |
| ਜ | ਯ | ਹੇ | - | ऽ | ऽ | ऽ | ऽ | | | | | | | | |
| ਮ | - | - | - | - | - | - | - | | | | | | | | |